# ਜੀਵਨ 'ਚੋਂ

'ਆਵਾਰਾ'

ਪ੍ਰੀਤ ਲੜੀ ਪਬਲਿਸ਼ਰਜ਼
ਪ੍ਰੀਤ ਨਗਰ : ਲਾਹੌਰ

## TO THE READER

KINDLY use this book very carefully. If the book is disfigured or marked or written on while in your possession the book will have to be replaced by a new copy or paid for. In case the book be a volume of set of which single volumes are not available the price of the whole set will be realized.

Checked

AMARSINGH COLLEGE

**Library**

Class No. G 83.1

Book No. A 96Ji

Acc. No. 3498

ਨਬੀ, ਅਵਤਾਰ, ਗ੍ਰੰਥ ਦੁਨੀਆ ਦੇ ਵੱਡੇ ਸਿਖਿਆ-ਦਾਤੇ ਹਨ,
ਪਰ ਇਨ੍ਹਾਂ ਤੋਂ ਵੀ ਵਡੇਰਾ ਅਧਿਆਪਕ "ਜ਼ਿੰਦਗੀ" ਹੈ।

ਗੁਰਬਖ਼ਸ਼ ਸਿੰਘ

# ਜੀਵਨ 'ਚੋਂ

ਇਸ ਕਰਤਾ ਦੀਆਂ ਹੋਰ ਕਿਤਾਬਾਂ —

| | |
|---|---|
| ਬਗ਼ਾਵਤ | ੧॥) |
| ਮੈਂ ਬਾਗ਼ੀ ਹਾਂ | ੧) |

# ਜੀਵਨ 'ਚੋਂ

ਦਰਸ਼ਨ ਸਿੰਘ "ਅਵਾਰਾ"

ਪ੍ਰੀਤ ਨਗਰ ਸ਼ਾਪ
३0 ਨਿਸਬਤ ਰੋਡ, ਲਾਹੌਰ

G, 83·1.
A96 Ii
acc. no: 3498

ਪਹਿਲੀ ਵਾਰ — ਅਕਤੂਬਰ ੧੯੫੨

ਪ੍ਰਿੰਟਰ : ਗੁਰਬਖ਼ਸ਼ ਸਿੰਘ, ਪ੍ਰੀਤ ਸੈਨਿਕ ਪ੍ਰੈਸ, ਪ੍ਰੀਤ ਨਗਰ
ਪਬਲਿਸ਼ਰ : ਸੰਸਾਰ ਪ੍ਰੀਤ ਮੰਡਲ, (ਰਜਿਸਟਰਡ) ਪ੍ਰੀਤ ਨਗਰ

ਉਹਨੂੰ
ਜਿਸ ਦੀਆਂ ਪਲਕਾਂ ਦੀ ਛਾਂ ਹੇਠਾਂ
ਮੈਨੂੰ ਦੁੱਖਾਂ ਦੀ ਧੁੱਪ ਨਹੀਂ ਪੋਂਹਦੀ

| | |
|---|---|
| ਪਰਵੇਸ਼ | ੧੧ |
| ਆਪਣੀ ਹੱਟੀ | ੧੭ |
| ਖ਼ਾਬ ! | ੨੦ |
| ਰੱਬ ਦੀ ਹੱਤਕ | ੨੩ |
| ਇਤਿਹਾਸਕ-ਮਿਕਸਚਰ | ੨੫ |
| ਔਂਧੇ ਅਧ | ੨੯ |
| ਮੈਂ ਸੋਚੀਂ ਪੈ ਗਿਆ | ੩੧ |
| ਪੁਲਸੀ ਆਕੜ | ੩੪ |
| ........ਮਾਨ ਭਰਾ | ੩੭ |
| ਸ਼ਾਵੇਂ ਹਕ | ੪੧ |
| ਜਿੰਨ੍ਹਾਂ ਉਹਲੇ ਲੁਕਿਆ ਕੂੜਾ | ੪੭ |
| ਪਾਸਕੂ ਵਾਲੀ ਧਰਮ ਤਕੜੀ | ੫੦ |
| ਅਫ਼ਸੋਸ — ਉਹ ਕਿਉਂ ? | ੫੩ |
| ਲਾ-ਹੱਲੀ ਖ਼ਾਬਸ਼ | ੫੬ |
| ਆਪੇ ਕਰਲ ਦੀ ਝਸੌਲੀ | ੫੯ |

ਤਸਵੀਰ ਦਾ ਸਤਿਕਾਰ ੬੧
ਦਰਿਆ ਵਰਗਾ ਦਿਲ ੬੪
ਕਾਕੇ ਦਾ ਨਾਂ ਰਖਿਆ ੬੮
ਰਾਹ ਪਾਣੀ ੭੩
ਸੁੱਖੀ ਲੱਧਾ ਭਤਰੀਆ ੭੬
ਚੁਰਾਏ ਹੋਏ ਇਨਾਮ ੭੯
ਕਸਾਈ ਗਿਆਨੀ ੮੨
ਮਰਦਾਵਾਂ ਇਨਸਾਫ਼ ੮੫
ਪਿਤਾ ਨੂੰ ਸਿਖਿਆ ੮੯
ਸਿਆਣਾ ਢੰਗ ੯੨
ਬੇ-ਧਰਮ ਧਰਮੀ ੯੫
ਬੇ-ਜ਼ਬਾਨਾਂ ਉਤੇ ਗੁੱਸਾ ੯੮
ਨਹਿਲੇ ਦੇ ਦਹਿਲਾ ੧੦੩
ਬੈਂਕ ਮੈਨੇਜਰ ਸਾਹਿਬ ੧੦੬
ਆਸਤਕ ਤੇ ਨਾਸਤਕ ਵਿਸ਼ਵਾਸ ੧੧੦

# ਪਰਵੇਸ਼

ਆਵਾਰਾ ਜੀ ਆਖਦੇ ਹਨ, 'ਹੇ ਜੀਵਨ ਬ੍ਰਿਛ ! ਮੇਰੇ ਹਥ ਵਿਚ ਕੁਹਾੜਾ ਵੇਖ ਕੇ ਨਾ ਸਹਿਮ। ਇਹਦੇ ਨਾਲ ਮੈਂ ਤੇਰੀਆਂ ਮੋਈਆਂ ਟਾਹਣੀਆਂ ਨੂੰ ਝਾੜਾਂਗਾ ਤੇਰਾ ਭਾਰ ਹਲਕਾ ਤੇ ਖਲਾਰ ਸੰਘਣਾ ਕਰਨ ਵਾਸਤੇ।' ਜਿਹੜੇ ਟਾਹਣ ਉਨ੍ਹਾਂ ਦੇ ਕੁਹਾੜੇ ਦਾ ਸ਼ਿਕਾਰ ਬਣੇ ਹਨ, ਉਹ ਜੀਵਨ ਬ੍ਰਿਛ ਦੇ ਮੋਟੇ ਮੋਟੇ ਬੀਮਾਰ ਟਾਹਣ ਹਨ। ਇਹ ਹੋਰ ਕਈਆਂ ਦੇ ਖ਼ਿਆਲ ਵਿਚ ਵੀ ਖੁਟਕੇ ਹੋਣਗੇ, ਪਰ ਆਵਾਰਾ ਜੀ ਦੇ ਖ਼ਿਆਲਾਂ ਨੂੰ ਖੁਟਕ ਕੇ ਇਨ੍ਹਾਂ ਉਨ੍ਹਾਂ ਦੇ ਡਉਲਿਆਂ ਨੂੰ ਵੀ ਅਮਲ ਲਈ ਪ੍ਰੇਰਿਆ ਹੈ। ਉਨ੍ਹਾਂ ਊਂਧੀ

ਪਾਈ ਬੀਮਾਰ ਹਾਲਤਾਂ ਨਾਲ ਸਮਝੌਤਾ ਕਰਨ ਦੀ ਥਾਂ ਉਨ੍ਹਾਂ ਤੋਂ ਛੁਟਕਾਰਾ ਪਾਣ ਲਈ ਹੰਭਲਾ ਮਾਰਿਆ ਹੈ। ਉਨ੍ਹਾਂ ਤੋਂ ਮੂੰਹ ਨਹੀਂ ਲੁਕਾਈ ਰਖਿਆ, ਸਗੋਂ ਉਨ੍ਹਾਂ ਸਾਰਿਆਂ ਦੇ ਸਾਹਮਣੇ ਲਿਆ ਉਧੇੜਿਆ ਹੈ। ਆਪਣੀ ਲੇਖਣੀ ਨੂੰ ਇਨ੍ਹਾਂ ਹਾਲਤਾਂ ਤੇ ਕਾਬੂ ਪਾਣ ਲਈ ਵਰਤਿਆ ਹੈ ਤੇ ਛਾਂਗਣ ਦੇ ਯਤਨ ਵਿਚ ਦੂਜਿਆਂ ਨੂੰ ਵੀ ਰਲਣ ਲਈ ਸਦਿਆ ਹੈ।

ਆਵਾਰਾ ਜੀ ਨੇ ਜ਼ਿੰਦਗੀ ਦੀਆਂ ਜਿਹੜੀਆਂ ਆਮ ਬਿਮਾਰੀਆਂ ਚੁਣੀਆਂ ਹਨ, ਉਨ੍ਹਾਂ ਦਾ ਏਡਾ ਜਾਲ ਵਿਛਿਆ ਹੋਇਆ ਹੈ ਕਿ ਉਨ੍ਹਾਂ ਨੂੰ ਹਟਾਣ ਲਈ ਆਰਟਿਸਟ ਨੂੰ ਠਹਿਰਨਾ ਪੈ ਜਾਂਦਾ ਹੈ। ਇਨ੍ਹਾਂ ਦੀ ਅਮਰ-ਵੇਲ ਤੋਂ ਜ਼ਿੰਦਗੀ ਨੂੰ ਛੁਟਕਾਰਾ ਦੁਆਣਾ ਆਵਾਰਾ ਜੀ ਨੂੰ ਬੜਾ ਜ਼ਰੂਰੀ ਜਾਪਿਆ ਹੈ। ਉਲਾਰ ਲਿੰਗ, ਗ਼ੈਰ ਕੁਦਰਤੀ ਝਾਕੇ ਤੇ ਸੰਕੋਚ, ਮਾਨਸਿਕ ਉਲਝਣਾਂ ਤੇ ਮਾਯੂਸੀਆਂ ਆਦਿ ਇਹ ਮਨੁੱਖ-ਜ਼ਿੰਦਗੀ ਦੀਆਂ ਬਹੁਤ ਵਡੀਆਂ ਅਹੁਰਾਂ ਹਨ। ਪਰ ਇਹ ਜਨਤਾ ਨੂੰ ਉਦੋਂ ਹੀ ਸਮਝਾਈਆਂ ਜਾ ਸਕਣਗੀਆਂ ਜਦੋਂ ਉਹ ਪਹਿਲੀ ਅਮਰ-ਵੇਲ ਤੋਂ ਛੁਟ ਚੁਕੇ ਹੋਣਗੇ। ਜਿਨ੍ਹਾਂ ਆਮ ਬੀਮਾਰੀਆਂ ਦੀ ਆਵਾਰਾ ਜੀ ਨੇ ਸੂਚਨਾ ਦਿੱਤੀ ਹੈ — ਇਨ੍ਹਾਂ ਦਾ ਇਲਾਜ ਕਰਨਾ ਪਹਿਲੀ ਪੜਾ ਹੈ, ਤੇ ਮੰਜ਼ਲ ਹੈ ਉਲਾਰ ਲਿੰਗ ਗ਼ੈਰ-ਕੁਦਰਤੀ ਝਾਕੇ ਤੇ ਸੰਕੋਚ, ਮਾਨਸਿਕ ਉਲਝਣਾਂ ਤੇ ਮਾਯੂਸੀਆਂ ਆਦਿ ਨੂੰ ਸੁਲਝਾ ਕੇ ਮਨੁੱਖ ਮਨ ਦੀਆਂ ਹਨੇਰੀਆਂ ਨੁਕਰਾਂ ਨੂੰ ਬੁਹਾਰਨਾ। ਆਵਾਰਾ ਜੀ ਨੇ ਸਿਰਫ਼ ਕਿਤਾਬ ਹੀ ਨਹੀਂ ਲਿਖੀ ਸਗੋਂ ਚੰਗੇਰੀ, ਸੁਹਣੇਰੀ ਤੇ ਮਹਾਨ ਦੁਨੀਆ ਦੀ ਉਸਾਰੀ ਵਿਚ ਹਿੱਸਾ ਲਿਆ ਹੈ।

ਵਾਰਤਕ ਵਿਚ ਆਵਾਰਾ ਜੀ ਦੀ ਇਹ ਪਹਿਲੀ ਕਿਤਾਬ ਹੈ। ਏਦੂੰ ਪਹਿਲਾਂ ਉਹ 'ਬਗ਼ਾਵਤ' ਲਿਖਣ ਵਾਲੇ ਕਵੀ ਮਸ਼ਹੂਰ ਸਨ। ਉਨ੍ਹਾਂ ਦੀ ਕਵਿਤਾ ਤੇ ਵਾਰਤਕ ਦੀ ਰੂਹ ਇਕੋ ਹੀ ਹੈ, 'ਜ਼ਿੰਦਗੀ ਦੀਆਂ ਬੀਮਾਰ ਟਾਹਣੀਆਂ ਨੂੰ ਛਾਂਗਣਾ। ਇਸ ਕਿਤਾਬ ਅੰਦਰ ਉਹ ਵਾਰਤਕ ਲਿਖਣ ਵਿਚ

ਵੀ ਬੜੇ ਕਾਮਯਾਬ ਹੋਏ ਹਨ। ਬੋਲੀ ਬੜੀ ਸੁਹਣੀ ਤੇ ਪੁਰਅਸਰ ਹੈ, ਢੰਗ ਆਪਣੇ ਮਜ਼ਮੂਨ ਨਾਲ ਬੜਾ ਢੁਕਦਾ ਹੈ, ਤੇ ਕਿਤੇ ਕਿਤੇ ਹਾਸ-ਰਸ ਵੀ ਛਣਕਦਾ ਹੈ।

ਇਹੋ ਜਿਹੀ ਕਿਤਾਬ ਦੀ ਜਨਤਾ ਨੂੰ ਬਹੁਤ ਜ਼ਰੂਰਤ ਹੈ ਤੇ ਇਹ ਅਸਲੀ ਮਹਿਨਿਆਂ ਵਿਚ 'ਸਾਹਿੱਤ ਕਿਸੇ ਮਕਸਦ ਲਈ' ਜਾਂ 'ਅਗਾਂਹ ਵਧੂ ਸਾਹਿੱਤ ਆਖੀ ਜਾ ਸਕਦੀ ਹੈ।'

ਪ੍ਰੀਤ ਨਗਰ
੨੭-੯-੪੨

ਨਵਤੇਜ

# ਜੀਵਨ 'ਚੋਂ

ਹੇ ਜੀਵਨ ਬ੍ਰਿਛ ! ਮੇਰੇ ਹੱਥ ਵਿਚ ਕੁਹਾੜਾ
ਵੇਖ ਕੇ ਨਾ ਸਹਿਮ। ਇਹਦੇ ਨਾਲ ਮੈਂ ਤੇਰੀਆਂ
ਮੋਈਆਂ ਟਾਹਣੀਆਂ ਨੂੰ ਝਾੜਾਂਗਾ, ਤੇਰਾ ਭਾਰ
ਹਲਕਾ ਤੇ ਖਿਲਾਰ ਸੰਘਣਾ ਕਰਨ ਵਾਸਤੇ

# ਆਪਣੀ ਹੱਟੀ

"ਆ ! ਮਾਂ ਬੀ, ਧੀਏ !! ਵਲ ਏਂ ?"

ਬਾਹਰ ਹੱਟੀ ਦੇ ਬੜ੍ਹੇ ਤੇ ਬੈਠੇ ਇਕ ਖੱਤਰੀ ਬੁੱਢੇ ਨੇ ਬਾਜ਼ਾਰ ਵਿਚ ਜਾਂਦੀ ਇਕ ਮੁਸਲਮਾਨ ਜੱਟੀ – ਇਮਾਮ ਬੀ – ਨੂੰ ਵੇਖ ਕੇ ਬੜੇ ਖਿੜੇ ਮੱਥੇ ਪੁੱਛਿਆ।

"ਵਲ, ਰਾਜ਼ੀ ਬਾਜ਼ੀ। ਬਾਬਾ ਜੀ! ਤੁਸੀ ਆਪਣੀ ਸੁਣਾਉ।" ਮਾਂ ਬੀ ਨੇ ਬੜ੍ਹੇ ਕੋਲ ਖਲੋ ਕੇ ਪੁੱਛਿਆ।

" ਸਭ ਅੱਲਾ ਦਾ ਤਰਸ ਏ। ਜਿਕਣ ਉਹ ਰੱਖੇ।" ਬਾਬਾ ਜੀ ਨੇ ਬੜੀਆਂ ਸ਼ਰਧਾ ਭਰੀਆਂ ਅੱਖੀਆਂ ਨਾਲ ਅਸਮਾਨ ਵਲ ਤਕ ਕੇ ਕਿਹਾ, "ਤੇ ਸੁਣਾ ਖਾਂ, ਸਾਡੇ ਮਹਿਰ ਦਾ ਹਾਲ ਚਾਲ ?"

"ਤਗੜੇ ਨੇ ਬਾਬਾ ... ... ... ਤੇ ਤੁਸਾਡੇ ਜਾਤਕ ਬਾਲ ?"

"ਤੁਹਾਡੀ ਦੁਆ ਖ਼ੈਰ ਨਾਲ ਸਭ ਅੱਲਾ ਦਾ ਫ਼ਜ਼ਲ ਏ।" ਫੇਰ ਗਲ ਦਾ ਰੌਂ ਬਦਲ ਕੇ, "ਸੁਣਾ ਧੀਏ ! ਅਜ ਤੂੰ ਕਿਧਰੋਂ ?"

"ਇਧਰ ਹੀ ਤੁਹਾਡੇ ਸ਼ਹਿਰ, ਬਾਬਾ ! ਕੁਝ ਕਪੜੇ ਲੱਤੇ ਲੋੜੀਦੇ ਸਨ। ਆਖਿਆ ਚਲ ਕੇ ਲੈ ਈ ਆਵਾਂ।"

"ਕਪੜੇ ਲੱਤੇ ਲੈਣ ? ਤੇ ਅਗਾਂਹ ਕਿਧਰ ਪਈ ਜਾਨੀ ਏਂ ਆਪਣੀ ਹੱਟੀ ਛਡ ਕੇ ? ਵਾਹ ਭਲੀਏ ਧੀਏ ! ਲੈ ਖਾਂ ਕਪੜੇ ਜਿਹੋ ਜਿਹੇ ਮਰਜ਼ੀ ਆ," ਤੇ ਫੇਰ ਹੱਟੀ ਤੇ ਬੈਠੇ ਨੌਜਵਾਨ ਪੁੱਤਰ ਨੂੰ "ਦੇ ਪਈ ਕਪੜੇ ਭੈਣ ਨੂੰ। ਸੰਞਾਤੀ ਆ ਇਹ ਕੌਣ ਏ ? ਇਹ ਈ ਨਾ ... ... ਰੱਬ ਤੇਰਾ ਭਲਾ ਕਰੇ ... ... ਮਹਿਰ ਫੱਤੂ ਦੀ ਧੀ, ਗੁਰਮਾਲੇ ਵਾਲੇ ਦੀ" ਫੇਰ ਮਾਂ ਬੀ ਨੂੰ,

"ਬਹਿ ਜਾ ਧੀਏ ! ਅਗਾਂਹ ਲੰਘ ਕੇ, ਤੇਰਾ ਆਪਣਾ ਭਰਾ ਏ ਕਿ।" ਫੇਰ ਆਪਣੇ ਪੁੱਤਰ ਨੂੰ, "ਵੇਹ ਪਈ ਕਪੜੇ ਮਾਂ ਬੀ ਨੂੰ, ਚੰਗੇ ਜਿਹੇ ਦਈਂ, ਰਿਆਇਤ-ਵੰਦੇ ਜਹੇ । ਆਪਣਾ ਈ ਘਰ ਏ, ਕੋਈ ਬਿਗਾਨਾ ਨਹੀਂ । ਸਾਡੇ ਮਹਿਰ ਦੀ ਧੀ ਕਦੇ-ਕਦਾਈਂ ਹੱਟੀ ਤੇ ਆਈ ਆ । ਪੈਸੇ ਧੇਲੇ ਦੀ ਰਿਆਇਤ ਕਰੀਂ । ਪੈਸਾ ਕੰਮ ਨਹੀਂ ਆਂਵਦਾ, ਬੰਦਾ ਰਖਿਆ ਕੰਮ ਆਂਵਦਾ ਏ।" ਫੇਰ ਮਾਂ ਬੀ ਨੂੰ "ਦਸ ਧੀਏ ! ਕੀ ਕੁਝ ਲੈਣਾ ਈ ?

ਮਾਂ ਬੀ ਸੰਗਦੀ ਸੰਗਦੀ ਮੁਹਾਠਾਂ ਤੇ ਬਹਿ ਗਈ ਤੇ ਬਾਬਾ ਜੀ ਫੇਰ ਛਿੜ ਪਏ ।

"ਅਗਾਂਹ ਲੰਘ ਬਹੁ ਧੀਏ ! ਤੁਹਾਡੀ ਆਪਣੀ ਹੱਟੀ ਏ। ਤੇ ਸੁਣਾ ਤੇਰੇ ਘਰ ਕੋਈ ਜਾਤਕ ਬਾਲ ?"

ਮਾਂ ਬੀ ਸ਼ਰਮਾ ਜਿਹੀ ਗਈ ਤੇ ਹੱਟੀ ਅੰਦਰ ਬੈਠੇ ਨੌਜਵਾਨ ਨੇ ਪੁਛਿਆ, "ਦੱਸੋ ਭੈਣ ! ਕੀ ਦੱਸਾਂ ?"

"ਇਕ ਲੇਫਾਂ ਦਾ ਜੋੜਾ ਲੈਣਾ ਏ, ਇਕ ਮਹਿਰ ਦਾ ਤਹਿਮਤ, ਤੇ ਮਹਿਰ ਦੇ ਦੋਹਾਂ ਪੋਤਰਿਆਂ ਵਾਸਤੇ ਕੁੜਤੀਆਂ... ... ... ...।

"ਜਮ ਜਮ ਲਉ ਜਿਤਨੀਆਂ ਮਰਜ਼ੀ ਏ । ਦਸ ਪਈ ਮੁੰਡਿਆ ! ਭੈਣ ਨੂੰ ਲੇਫ ਵਧੀਆ ਜਿਹੇ ਪੱਕੇ ਰੰਗ ਦੇ।" ਬਾਬਾ ਜੀ ਨੇ ਹਾਮੀ ਭਰੀ।

"ਪਰ ਮੈਂ ਅਜ ਪੈਸੇ ਨਹੀਂ ਜੇ ਆਂਦੇ, ਫੱਜੂ ਕੰਮ ਲਗਾ ਹੋਇਆ ਹੈ, ਅਜ ਹੈ ਬੁਧਾਰ, ਜੁਮੇ ਇਨਸ਼ਾ-ਅੱਲਾ ਪੈਸੇ ਲਿਆਵੇਗਾ, 'ਵਾਰੀਂ ਆ ਕੇ ਦੇ ਜਾਸਾਂ।" ਆਖ ਕੇ ਮਾਂ ਬੀ ਨੇ ਅੱਖੀਆਂ ਨੀਵੀਆਂ ਪਾ ਲਈਆਂ। ਨੌਜਵਾਨ ਦੀਆਂ ਲਿਸ਼ਕਦੀਆਂ ਅੱਖੀਆਂ ਦੀ ਚਮਕ ਝਟ ਮੱਠੀ ਹੋ ਗਈ ਤੇ ਬੜੀ ਹੀ ਭੇਤ-ਭਰੀ ਅੱਖ ਨਾਲ ਬਾਬਾ ਜੀ ਵਲ ਵੇਖਣ ਲਗਾ।

ਬਾਬਾ ਜੀ ਦਾ ਸਿਰ ਬੜੇ ਮਹਿਨਿਆਂ ਭਰੇ ਢੰਗ ਨਾਲ ਦੋ ਤਿੰਨ ਵਾਰੀ ਸੱਜੇ ਖੱਬੇ ਹਿਲਿਆ ਤੇ ਮਗਰੋਂ ਸੱਜੀ ਅੱਖ ਨੇ ਤਾਈਦ ਕਰ ਦਿੱਤੀ। ਪਿਉ ਪੁਤ ਨੇ ਝੰਡੀ-ਸ਼ੀਸ਼ੇ ਨਾਲ ਸਾਰੀ ਗਲ ਕਰ ਲਈ।

"ਵੇਹ ਪੁੱਤਰ, ਕੱਢ ਲੇਫਾਂ ਦਾ ਜੋੜਾ।" ਬਾਬਾ ਜੀ ਬੋਲੇ, ਜਦੋਂ ਮਾਂ ਬੀ

ਨੇ ਸਿਰ ਚੁਕਿਆ।

"ਨਹੀਂ ਲਾਲਾ ਜੀ! ਉਧਾਰ ਮੈਂ ਨਹੀਂ ਦੇਣਾ," ਨੌਜਵਾਨ ਨੇ ਸਿਰ ਹਿਲਾ ਦਿੱਤਾ।

"ਉਧਾਰ ਕਿਉਂ ਨਹੀਂ ਦੇਣਾ? ਇਹ ਕੋਈ ਬਿਗਾਨੇ ਨੇ?" ਬਾਬਾ ਜੀ ਨੇ ਮੂੰਹ ਪੁੱਤਰ ਵਲ ਕਰ ਕੇ ਨਾਲੋ ਨਾਲ ਰਮਜ਼ਾਂ ਭਰੀਆਂ ਸੈਨਤਾਂ ਕਰਦਿਆਂ ਹੋਇਆਂ ਕਿਹਾ, "ਦੇ ਦੇ ਬਰਖ਼ੁਰਦਾਰ। ਮਹਿਰ ਫੱਤੂ ਦੀ ਧੀ ਏ। ਬੜੀ ਖਰੀ 'ਸਾਮੀਂ ਏਂ। ਅਸੀ ਇਨ੍ਹਾਂ ਨਾਲ ਉਮਰਾਂ ਹੰਢੇ ਹਾਂ। ਮੂੰਹ ਪੈਣ ਵਾਲੀ ਗਲ ਨਹੀਂ ਕਰੀ ਦੀ। ਸਾਰੇ ਕੋਈ ਇਕੋ ਜਿਹੇ ਨਹੀਂ ਹੁੰਦੇ। ਇਹ ਬੜਾ ਸਾਊ ਟੱਬਰ ਈ। ਦੇਹ ਸੁ ਜੋ ਕੁਝ ਮੰਗਾਂਦੀ ਏ।ਪੈਸੇ ਆ ਜਾਣਗੇ ਦੋਂਹ ਚਹੁੰ ਦਿਨੀਂ।" ਤੇ ਫੇਰ ਮਾਂ ਬੀ ਨੂੰ,""ਲੈ ਲੈ ਧੀਏ! ਜੋ ਕੁਝ ਲੈਣਾ ਈ।"

"ਨਹੀਂ ਲਾਲਾ ਜੀ! ਉਧਾਰ ਮੈਂ ਕੋਈ ਨਹੀਂ ਜੇ ਦੇਣਾ। ਦੂਜੇ ਭਾਪੇ ਹੁਰਾਂ ਨੇ ਮਨ੍ਹਾ ਕੀਤਾ ਹੋਇਐ," ਮੁੰਡੇ ਨੇ ਜ਼ਰਾ ਕੁ ਤਲਖ਼ੀ ਜਿਹੀ ਨਾਲ ਕਿਹਾ।

"ਦੁਰ-ਫਿੱਟੇ ਮੂੰਹ ਇਹੋ ਜਿਹੀ ਉਲਾਦ ਦਾ।"ਬਾਬੇ ਹੁਰਾਂ ਨੇ ਦੰਦਕੀਹੜ ਵੱਟ ਕੇ ਪੁੱਤਰ ਨੂੰ ਘੂਰਿਆ ਤੇ ਫੇਰ ਮਾਂ ਬੀ ਵਲ ਮੂੰਹ ਕਰ ਕੇ। "ਸੁਣਨੀ ਏਂ ਪਈ ਧੀਏ! ਦੇਖੇ ਨੀ ਅਜ ਕਲ੍ਹ ਦੀ ਉਲਾਦ ਦੇ ਚਾਲੇ? ਅਜ ਕਲ੍ਹ ਦੇ ਮੁੰਡੇ ਕੇਡੇ ਮੂੰਹ-ਤਾਣੇ ਹੋਏ ਹੋਏ ਨੇ! ਇਨ੍ਹਾਂ ਨੂੰ ਕੀ ਪਤਾ ਪਈ ਸਾਡੀ ਤੇਰੇ ਚਾਚੇ ਨਾਲ ਕਿਹੋ ਜਿਹੀ ਨਿਭਦੀ ਆਈ ਏ।ਵੀਹ ਵਾਰੀ ਆਖਿਆ ਏ, ਇਕ ਨਹੀਂ ਸੂ ਮੰਨੀ। ਹੁਣ ਜਵਾਨ ਮੁੰਡਾ ਏ। ਮੇਰੀ ਜੁੱਤੀ ਇਹਨੂੰ ਪੂਰੀ ਆਂਵਦੀ ਏ। ਜ਼ੋਰ ਨਾਲ ਆਖ ਕੇ ਆਪਣੀ ਪਾਣ-ਪਤ ਲੁਹਾ ਲਵਾਂ? ਚੰਗਾ ਹੁਣ ਕਿਸੇ ਵੇਲੇ ਨਗਦ ਪੈਸੇ ਲੈ ਆਵੀਂ ਤੇ ਲੈ ਜਾਈਂ।"

ਭੋਲੀ ਜੱਟੀ ਕਦੇ ਪਿਉ ਦੇ ਮੂੰਹ ਵਲ ਵੇਖਦੀ ਤੇ ਕਦੇ ਪੁੱਤਰ ਦੇ ਮੂੰਹ ਵਲ ਤੇ ਆਖ਼ਰ ਜਦੋਂ ਪਿਉ ਪੁੱਤਰ ਦੇ ਇਸ ਐਕਟਿੰਗ ਨੂੰ ਨਾ ਸਮਝਦੀ ਹੋਈ 'ਆਪਣੀ-ਹਟੀਉਂ' ਢਾਰੇ ਪੱਲੇ ਸੱਖ-ਮਸੱਖਣੀ ਉਠ ਗਈ ਤਾਂ ਬਾਬਾ ਜੀ ਬੋਲੇ, "ਭੂਣ ਜਹਾਨ ਦੀ। ਅਗਲੇ ਪੈਸਿਆਂ ਨੂੰ ਦੋ ਵਰ੍ਹੇ ਹੋ ਗਏ ਨੇ, ਹੋਰ ਉਧਾਰ ਲੈਣ ਆ ਗਈ ਏ! ਚਵਲ ਜਹਾਨ ਦੀ ਨਾ ਹੋਵੇ ਤਾਂ।"

# ਕਾਸ਼ !

ਸ਼ਹਿਰ ਦੇ ਘਟ ਅਬਾਦ ਹਿੱਸੇ ਵਿਚਲੀ ਇਕ ਸੜਕ ਉੱਤੇ ਦਾ ਵਾਕਿਆ ਹੈ। ਲਗ ਪਗ ਪੰਜਾਹ ਕੁ ਸਾਲਾਂ ਦੀ ਉਮਰ ਦਾ ਇਕ ਫ਼ਕੀਰ, ਜਿਸ ਦੇ ਨੈਣ ਚਾਨਣੇ ਸੰਸਾਰ ਨੂੰ ਵੇਖਣੋਂ ਅਸਮਰਥ ਸਨ, ਹੁਨਾਲੇ ਦੀ ਇਕ ਭਖ਼ਦੀ ਦੁਪਹਿਰੇ ਬਗਲੀ ਵਿਚੋਂ ਕਢ ਕਢ ਕੇ ਭੁਜੇ ਹੋਏ ਛੋਲਿਆਂ ਦੇ ਫੱਕੇ ਮਾਰਦਾ ਵਿੰਗੀ ਜਿਹੀ ਸੋਟੀ ਦੇ ਆਸਰੇ ਟੋਹ ਟੋਹ ਕੇ ਤੁਰਿਆ ਚਲਾ ਜਾ ਰਿਹਾ ਸੀ।

ਸੜਕ ਦੇ ਵਿਚਕਾਰ ਕਰ ਕੇ, ਬਾਲਣ ਵਾਲੀਆਂ ਮੁੱਢੀਆਂ ਨਾਲ ਭਰਿਆ ਇਕ ਗੱਡਾ ਖਲੋਤਾ ਸੀ, ਜਿਸ ਨੂੰ ਹਿੱਕਣ ਵਾਲੇ ਮਜ਼ਦੂਰ ਉਥੇ ਛਡ ਕੇ ਸੜਕੋਂ ਜ਼ਰਾ ਕੁ ਨਵੇਕਲੇ ਲਗੇ ਹੋਏ ਹਥ-ਨਲਕੇ ਤੇ ਪਾਣੀ ਪੀਣ ਗਏ ਹੋਏ ਸਨ। ਉਸ ਫ਼ਕੀਰ ਦਾ ਰੁਖ਼ ਉਸ ਗੱਡੇ ਵਲ ਸੀ ਤੇ ਵਿਚਕਾਰ ਗੋਣਵੇਂ ਹੀ ਕਦਮਾਂ ਦੀ ਵਿਥ ਸੀ। ਹੋ ਸਕਣ ਵਾਲੇ ਹਾਦਸੇ ਦਾ ਖ਼ਿਆਲ ਕਰ ਕੇ, ਕੋਲੋਂ ਛੇਤੀ ਛੇਤੀ ਲੰਘਦਾ ਹੋਇਆ ਇਕ ਨੌਜਵਾਨ ਝਟ ਛਾਲ ਮਾਰ ਕੇ ਆਪਣੇ ਸਾਈਕਲ ਤੋਂ ਉਤਰ ਖਲੋਤਾ, ਤੇ ਇਸ ਤੋਂ ਪਹਿਲੋਂ ਕਿ ਗੱਡੇ ਦੇ ਪਿੱਛੇ, ਬਾਹਰਵਾਰ ਵਧੀਆਂ ਹੋਈਆਂ ਖੁੰਘੀਆਂ ਵਾਲੀਆਂ ਲਕੜੀਆਂ ਉਸ ਨਾਬੀਨੇ ਫ਼ਕੀਰ ਦੇ ਚਿਹਰੇ ਉਤੇ ਕੋਈ ਦੁਖਦਾਈ ਜ਼ਖਮ ਖੋਲ੍ਹ ਦੇਂਦੀਆਂ, ਉਹ ਉਛਲ ਕੇ ਦੋਹਾਂ ਦੇ ਵਿਚਕਾਰ ਹੋ ਗਿਆ ਦੇ ਇਸ ਤਰ੍ਹਾਂ ਇਕ ਹਾਦਸਾ ਹੁੰਦਾ ਹੁੰਦਾ ਟਲ ਗਿਆ। ਆਪਣੇ ਰਾਹ ਵਿਚ ਅਚਾਨਕ ਆ ਪਈ ਇਸ ਰੁਕਾਵਟ ਨਾਲ ਝਟ ਪਟ ਖਲੋਤੇ ਫ਼ਕੀਰ ਸਾਈਂ ਨੂੰ ਉਸ ਨੇ ਕਿਹਾ :

"ਫ਼ਕੀਰ ਸਾਈਂ ! ਅੱਗੇ ਇਕ ਲਕੜੀਆਂ ਨਾਲ ਭਰਿਆ ਗੱਡਾ ਖਲੋਤਾ ਏ। ਆਓ ਬਾਂਹ ਫੜ ਕੇ ਤੁਹਾਨੂੰ ਅਗੇਰੇ ਰਾਹ ਪਾ ਦੇਵਾਂ।" ਤੇ ਉਸ ਨੇ ਹਥ ਵਧਾ ਕੇ ਡੰਗੋਰੀ ਫੜ ਲਈ।

"ਮੈਨੂੰ ਤ੍ਰੇਹ ਵੀ ਬੜੀ ਡਾਢੀ ਲਗੀ ਏ।" ਸਾਈਂ ਨੇ ਚੱਬੇ ਹੋਏ ਛੋਲਿਆਂ ਦੀ ਗਰਾਹੀ ਬੜੀ ਮੁਸ਼ਕਲ ਨਾਲ ਸੰਘੋਂ ਲੰਘਾਉਂਦਿਆਂ ਹੋਇਆਂ ਕਿਹਾ। ਨੌਜਵਾਨ ਦੀ ਨਜ਼ਰ ਝਟ ਪਟ ਚੌਗਿਰਦੇ ਫਿਰ ਗਈ। ਹਥ-ਨਲਕੇ ਵਲ ਵੇਖ ਕੇ ਕਹਿਣ ਲਗਾ।

"ਆਉ ਫੇਰ ਪਹਿਲੋਂ ਤੁਹਾਨੂੰ ਪਾਣੀ ਪਿਲਾ ਦਿਆਂ।"

"ਚਲ ਫੇਰ।" ਉਸ ਨੇ ਨੌਜਵਾਨ ਦੀ ਸੇਵਾ ਕਬੂਲ ਕਰ ਲਈ ਤੇ ਡੰਗੋਰੀ ਉਹਨੂੰ ਫੜਾ ਕੇ ਉਹਦੇ ਪਿੱਛੇ ਪਿੱਛੇ ਚਲਣਾ ਮਨਜ਼ੂਰ ਕਰ ਲਿਆ। ਉਹਦੇ ਕਾਹਲੀ ਕਾਹਲੀ ਤੁਰਦੇ ਦੇ ਵਿਆਈਆਂ ਨਾਲ ਤ੍ਰੇੜੇ ਤ੍ਰੇੜ ਹੋਏ ਨੰਗੇ ਪੈਰ ਨੌਜਵਾਨ ਦੇ ਪੈਰਾਂ ਉਪਰ ਪੈ ਪੈ ਰਹੇ ਸਨ। ਯਕੀਨੀ ਉਸ ਨੂੰ ਬੜੀ ਹੀ ਡਾਢੀ ਤ੍ਰੇਹ ਲਗੀ ਹੋਈ ਹੋਣੀ ਏਂ।

ਦੋ ਚਾਰ ਕਦਮ ਜਾ ਕੇ ਫ਼ਕੀਰ ਸਾਈਂ ਨੇ ਪੁਛਿਆ :

"ਤੂੰ ਕੌਣ ਏਂ ?"

"ਮੈਂ ਤੁਹਾਡਾ ਮਤਲਬ ਨਹੀਂ ਸਮਝ ਸਕਿਆ ਫ਼ਕੀਰ ਸਾਈਂ।" ਕਹਿ ਕੇ ਉਸ ਨੇ ਅੱਗੇ ਚਲਣਾ ਚਾਹਿਆ ਪਰ ਫ਼ਕੀਰ ਸਾਈਂ ਅੜ ਖਲੋਤਾ।

"ਪਹਿਲੋਂ ਮੈਨੂੰ ਇਹ ਦਸ ਤੂੰ ਹਿੰਦੂ ਏਂ, ਸਿਖ ਕਿ ਮੁਸਲਮਾਨ ?"

"ਅਮਲੋਂ ਤਾਂ ਭਾਵੇਂ ਮੈਂ ਇਨ੍ਹਾਂ ਤਿੰਨਾਂ ਵਿਚੋਂ ਕੋਈ ਇਕ ਵੀ ਅਖਵਾਣ ਦਾ ਹਕਦਾਰ ਨਹੀਂ, ਕਿਉਂਕਿ ਸੱਚੇ ਮਹਿਨਿਆਂ ਵਿਚ ਹਿੰਦੂ, ਸਿਖ, ਜਾਂ ਮੁਸਲਮਾਨ ਬਣ ਸਕਣਾ ਬੜੀ ਉਖੇਰੀ ਘਾਲ ਏ। ਪਰ ਮੇਰੀ ਜ਼ਾਹਿਰੀ ਸ਼ਕਲ ਤੋਂ ਲੋਕੀ ਮੈਨੂੰ ਸਿਖ ਸਮਝਣ ਦੇ ਭੁਲੇਖੇ ਵਿਚ ਪੈਣੋਂ ਬਚ ਨਹੀਂ ਸਕਦੇ।" ਉਸ ਨੇ ਅੱਖੀਆਂ ਸੜਕ ਵਲ ਗਡ ਕੇ ਕਿਹਾ ਤੇ ਗਲ ਮੁਕਾ ਕੇ ਅੱਗੇ ਚਲਣ ਲੱਗਾ, ਪਰ ਫ਼ਕੀਰ ਸਾਈਂ ਚਟਾਨ

ਵਾਂਗੂ ਤਟ ਗਿਆ ਤੇ ਆਪਣੀਆਂ ਬੇ-ਨੂਰ ਅੱਖੀਆਂ ਦੇ ਛਪਰਾਂ ਨੂੰ ਛੇਤੀ ਛੇਤੀ ਝਮਕਦਾ ਹੋਇਆ, ਸੁਕੇ ਹੋਠਾਂ ਉੱਪਰ ਜੀਭ ਫੇਰ ਕੇ ਕਹਿਣ ਲੱਗਾ :

"ਮੈਨੂੰ ਛਡ ਦੇ ਤੂੰ।"

"ਕਿਉਂ ਸਾਈਂ ਜੀ! ਕੀ ਗਲ ਏ?"

"ਮੈਂ ਇਕ ਸਿਖ ਦੇ ਹਥ ਦਾ ਪਾਣੀ ਨਹੀਂ ਪੀਣਾ।"

"ਨਹੀਂ, ਮੈਂ ਤੁਹਾਨੂੰ ਹਥ ਨਾਲ ਚਲਣ ਵਾਲੇ ਨਲਕੇ ਉੱਤੇ ਲਿਜਾ ਰਿਹਾ ਹਾਂ। ਮੈਂ ਨਲਕਾ ਗੇੜਾਂਗਾ,ਤੁਸੀ ਆਪਣੇ ਬੁਕ ਨਾਲ ਪੀ ਲੈਣਾ।"

"ਨਹੀਂ, ਬਸ ਤੂੰ ਮੈਨੂੰ ਛਡ ਹੀ ਦੇਹ। ਮੈਂ ਪਾਣੀ ਨਹੀਂ ਪੀਣਾ ਚਾਹੁੰਦਾ।"

ਨੌਜਵਾਨ ਦੇ ਦਿਲ ਵਿਚੋਂ ਕੋਈ ਖ਼ਾਮੋਸ਼ ਜਿਹੀ ਹਸਰਤ ਉੱਠੀ ਤੇ ਨਾਲ ਹੀ ਦੋ ਅੱਥਰੂ ਵੀ ਡਿੱਗ ਪਏ।

... No. ...
LIBRARY, SRI ...

# ਰੱਬ ਦੀ ਹੱਤਕ

ਮੀਂਹ ਨਾ ਪੈਣ ਕਰ ਕੇ ਕਣਕ ਕਾਫ਼ੀ ਮਹਿੰਗੀ ਹੋ ਚੁਕੀ ਸੀ ਤੇ ਗ਼ਰੀਬ ਗ਼ੁਰਬਾ ਕਾਫ਼ੀ ਦੁਖੀ ਤੇ ਫ਼ਿਕਰਮੰਦ ਸੀ। ਜ਼ਿਮੀਂਦਾਰ ਲੋਕ ਮੌਲਵੀਆਂ ਨੂੰ ਬੁਲਾ ਬੁਲਾ ਕੇ ਨਫ਼ਲ ਪੜ੍ਹਾ ਰਹੇ ਸਨ, ਗੁਰਦੁਆਰਿਆਂ ਵਿਚ ਅਰਦਾਸੇ ਕੀਤੇ ਜਾ ਰਹੇ ਸਨ ਤੇ ਮੰਦਰਾਂ ਵਿਚ ਵੀ ਬੜੀਆਂ ਪ੍ਰਾਰਥ-ਨਾਵਾਂ ਹੋ ਰਹੀਆਂ ਸਨ। ਅਉਂਦੇ ਹੋਏ ਸਮੇਂ ਦਾ ਹੌਲ ਹਰ ਕਿਸੇ ਦੀ ਚਿੰਤਾ ਬਣਿਆ ਹੋਇਆ ਸੀ।

ਰੱਬ ਰੱਬ ਕਰ ਕੇ ਕੁਝ ਕੁ ਬੱਦਲਾਂ ਦੇ ਟੋਟੇ, ਕਿਤੋਂ ਭੌਂਦੇ-ਝੌਂਦੇ, ਭੁੱਲੇ ਭਟਕੇ ਅਕਾਸ਼ ਉੱਤੇ ਆ ਦਿੱਸੇ। ਲੋਕਾਂ ਨੂੰ ਆਸਾਂ ਲਗ ਗਈਆਂ। ਜ਼ਿਮੀਂਦਾਰਾਂ ਦੇ ਚਿਹਰੇ ਚਮਕ ਪਏ। ਮੌਲਵੀਆਂ, ਪੰਡਤਾਂ, ਭਾਈਆਂ ਨੂੰ ਆਪਣੇ ਆਪਣੇ ਅਮਲਾਂ ਦੇ ਸਹੀ ਹੋਣ ਦਾ ਯਕੀਨ ਹੋਣ ਲਗ ਪਿਆ, ਇਹ ਖ਼ਿਆਲ ਕਰ ਕੇ ਇਹ ਬੱਦਲ ਉਨ੍ਹਾਂ ਦੇ ਨਫ਼ਲਾਂ, ਅਰਦਾਸਿਆਂ ਤੇ ਪ੍ਰਾਰਥਨਾਵਾਂ ਦਾ ਰਬ ਵਲੋਂ ਜਵਾਬ ਨੇ। ਠੰਢੀ ਠੰਢੀ ਹਵਾ ਰੁਮਕੀ। ਗ਼ਰੀਬਾਂ ਦੇ ਜੀਵਨ ਦੇ ਟਿਮਟਿਮਾਉਂਦੇ ਦੀਵੇ ਵਿਚ ਚਾਰ ਕਣੀਆਂ ਪੈਣ ਦੀ ਆਸ ਲਗ ਗਈ। ਹਰ ਕੋਈ ਖ਼ੁਸ਼ ਜਾਪਦਾ ਸੀ। ਹਰ ਕਿਸੇ ਦੇ ਹੱਥ ਆਪ-ਮੁਹਾਰੇ ਹੀ ਜੁੜ ਜੁੜ ਜਾਂਦੇ ਸਨ ਤੇ ਆਸ਼ਾ ਤੇ ਨਿਰਾਸ਼ਾ ਦੀ ਵਿਚਕਾਰਲੀ ਅਵਸਥਾ ਵਿਚ ਕੰਬਦੇ ਹੋਏ ਹੋਠਾਂ ਤੋਂ ਨਿਕਲਦਾ ਸੀ।

"ਪਰਮਾਤਮਾ! ਇਹ ਝੜੀ ਤਾਂ ਜ਼ਰੂਰ ਹੀ ਵਸ ਜਾਏ।"

"ਯਾ ਅੱਲਾ! ਪਾ ਦੇ ਚਾਰ ਕਣੀਆਂ।"

ਲੋਕਾਂ ਦੀਆਂ ਅੱਖੀਆਂ ਨੇ ਇਨ੍ਹਾਂ ਬੱਦਲਾਂ ਦੇ ਆਸੀਂ ਪਾਸੀਂ ਇਸ

ਤਰ੍ਹਾਂ ਝੁਰਮੁਟ ਪਾਇਆ ਹੋਇਆ ਸੀ ਜਿਉਂ ਕਿਸੇ ਅਮੀਰ ਸਖ਼ੀ ਦੇ ਆਸੀਂ ਪਾਸੀਂ ਮੰਗਤਿਆਂ ਦੀ ਭੀੜ ਨੇ।

ਬਾਹਰ ਵਗਦੀ ਠੰਢੀ ਹਵਾ ਦਾ ਕੋਈ ਇਕ ਅੱਧ ਰੁਮਕਾ ਤੇ ਗਲੀਆਂ ਬਜ਼ਾਰਾਂ ਵਿਚ ਕਠੇ ਹੋਏ ਆਸਵੰਦ ਲੋਕਾਂ ਦੀਆਂ ਛਲਕਦੀਆਂ ਸਧਰਾਂ ਦਾ ਛਣਕਾਰ ਇਕ ਉਸ ਬਾਣੀਏਂ ਦੀ ਕੋਠੜੀ ਵਿਚ ਵੀ ਜਾ ਵੜਿਆ ਜਿਸ ਨੇ ਸਸਤੇ ਭਾ ਵੇਲੇ ਕਣਕ ਦੀ ਪੰਜ ਸਤ ਸੌ ਬੋਰੀ ਲੈ ਕੇ ਅੰਦਰ ਪਾ ਰਖੀ ਸੀ, ਕਿਸੇ ਮਹਿੰਗੇ ਵੇਲੇ ਚੰਗਾ ਮੁਨਾਫ਼ਾ ਉਠਾਣ ਵਾਸਤੇ। ਕੋਠੜੀਉਂ ਬਾਹਰ ਨਿਕਲ ਗਲੀ ਵਿਚ ਆ ਗਿਆ। ਆਸਮਾਨ ਵਲ ਵੇਖਿਆ। ਛਾਈ ਘਟਾ ਨੇ ਜ਼ਰਾ ਕੁ ਗੜ ਗੜ ਕਰ ਕੇ ਉਹਦੇ ਨਾਲ ਛੇੜ ਕੀਤੀ। ਉਹਦਾ ਲੱਕ ਟੁਟ ਗਿਆ ਤੇ ਹੱਥ ਜੋੜ ਕੇ ਪ੍ਰਾਰਥਨਾ ਕਰਨ ਲਗਾ।

"ਹੇ ਮਹਾਰਾਜ! ਇਹ ਬੱਦਲ ਕਿਤੇ ਵੱਸ ਹੀ ਨਾ ਪਵੇ। ਖ਼ੈਰੀਂ ਮਿਹਰੀਂ ਦਾ ਲੰਘ ਜਾਏ ਤਾਂ ਈ ਚੰਗੀ ਗੱਲ ਏ। ਹੇ ਮਹਾਰਾਜ! ਮਿਹਰ ਕਰੀਂ। ਮੈਂ ਸਵਾ ਰੁਪਏ ਦਾ ਪ੍ਰਸ਼ਾਦ ਚੜ੍ਹਾਵਾਂਗਾ ਜੇ ਇਹ ਬੱਦਲ ਨਾ ਵਸਾਏਂ ਤਾਂ ... ... ..."

ਸੁਣ ਕੇ ਰੱਬ ਨੇ ਇਕ ਖੰਘੂਰਾ ਮਾਰਿਆ, ਕੁਦਰਤ ਹੱਸੀ, ਬਿਜਲੀ ਕੜਕੀ ਤੇ ਰੱਬ ਨੂੰ ਖ਼ੁਦਗਰਜ਼ ਖ਼ੁਸ਼ਾਮਦੀ, ਲਾਲਚੀ, ਵਢੀ ਖੋਰ ਸਮਝ ਕੇ ਉਹਦੀ ਹੱਤਕ ਕਰਨ ਵਾਲੇ ਆਸਤਕ-ਦਿਸਦੇ ਨਾਸਤਕ ਨੂੰ ਠੁਠ ਦਸ ਕੇ ਜਿਨ੍ਹਾਂ ਨਿਯਮਾਂ ਦਾ ਬੱਧਾ ਹੋਇਆ ਇਹ ਬੱਦਲ ਏਧਰ ਆਇਆ ਸੀ ਉਨ੍ਹਾਂ ਅਨੁਸਾਰ ਉਹਦੇ ਵੇਖਦਿਆਂ ਵੇਖਦਿਆਂ ਹੀ ਚਮਕ ਕੇ ਛਮਾ ਛਮ ਵਰ੍ਹ ਪਿਆ!

●

# ਇਤਹਾਸ — ਮਿਕਸਚਰ

"ਆਉ ਫੇਰ, ਅੱਜ ਤੁਹਾਨੂੰ ਗੁਰਦੁਆਰੇ ਲੈ ਚਲੀਏ।"

ਬਿਨਾ ਇਸ ਗਲ ਦੀ ਬਹਿਸ ਵਿਚ ਪੈਣ ਦੇ ਕਿ "ਕਿਉਂ?", ਇਕ ਸ਼ਾਮ ਨੂੰ, ਇਕ ਉਸ ਆਦਮੀ ਨੂੰ, ਜਿਸ ਦੇ ਜੀਵਨ ਦੀਆਂ ਖਿੱਚਾਂ ਵਿਚੋਂ, ਮਜ਼੍ਹਬੀ ਅਖਵਾਣ ਵਾਲੇ ਅਸਥਾਨ ਨਿਕਲ ਚੁਕੇ ਸਨ, ਇਕ ਹੋਰ ਮਿਤ੍ਰ ਨੇ ਕਿਹਾ।

"ਅਜ ਕੀ ਖ਼ਾਸ ਗਲ ਏ ਓਥੇ?" ਉਸ ਨਾਸਤਕ-ਕਹੇ-ਜਾਣ-ਵਾਲੇ ਸਜਣ ਨੇ ਪੁਛਿਆ, ਇਹ ਖ਼ਿਆਲ ਕਰਦਿਆਂ ਹੋਇਆਂ ਕਿ ਅੱਜ ਕੋਈ ਖ਼ਾਸ ਹੀ ਗਲ ਹੋਣੀ ਏਂ। ਕਿਉਂਕਿ ਆਮ ਹਾਲਾਤ ਵਿਚ ਏਸੇ ਮਿੱਤਰ ਨੇ, ਇਹੋ ਜਹੀ ਦਾਹਵਤ ਅੱਗੇ ਕਦੇ ਵੀ ਨਹੀਂ ਸੀ ਦਿੱਤੀ।

"ਉਥੇ ਕਲ੍ਹ ਸ਼ਾਮ ਤੋਂ ਇਕ ਬੜਾ ਸਿਆਣਾ ਰਬਾਬੀ ਜੱਥਾ ਆਇਆ ਹੋਇਆ ਏ ਤੇ ਸੁਣਿਆ ਏ ਕਿ ਉਹ ਬੜਾ ਹੀ ਸੁਹਣਾ ਕੀਰਤਨ ਕਰਦੇ ਨੇ। ਉਨ੍ਹਾਂ ਦੇ ਗਲੇ ਵਿਚ ਬੜਾ ਈ ਰਸ ਏ।"

"ਤੁਸੀ ਕਿਸੇ 'ਖ਼ਾਸ ਚੀਜ਼' ਦੀ ਸਿਫਾਰਸ਼ ਕਰ ਰਹੇ ਹੋ?" ਉਸ ਨੇ ਤਸੱਲੀ ਕਰਨੀ ਚਾਹੀ।

"ਹਾਂ, ਯਕੀਨੀ ਹੀ ਕਿਸੇ ਖ਼ਾਸ ਚੀਜ਼ ਦੀ, ਕਿਉਂ ਕਿ ਤੁਹਾਨੂੰ ਪਤਾ ਹੀ ਹੈ ਜੁ ਆਮ ਚੀਜ਼ਾਂ ਨੂੰ ਮੈਂ ਵੀ ਘਟ ਹੀ ਪਸੰਦ ਕਰਦਾ ਹਾਂ।" ਮਿੱਤਰ ਨੇ ਕਿਹਾ। "ਅਜ ਸ਼ਹਿਰ ਵਿਚ ਉਨ੍ਹਾਂ ਦਾ ਖ਼ਾਸ ਚਰਚਾ ਏ। ਸਵੇਰ ਦੇ ਦੀਵਾਨ ਵਿਚ ਕਾਫ਼ੀ ਰੌਣਕ ਸੀ ਤੇ ਹੁਣ ਰਾਤ ਦੇ ਦੀਵਾਨ ਵਿਚ ਉਸ ਨਾਲੋਂ ਵੀ ਵਧੇਰੀ ਹੋਵੇਗੀ।" ਤੇ ਉਹ ਅਜ ਗੁਰਦੁਆਰੇ ਚਲਾ ਹੀ ਗਿਆ।

ਅਜ ਦੀ ਜੁੜੀ ਸੰਗਤ ਵਿਚ ਬਹੁਗਿਣਤੀ ਉਨ੍ਹਾਂ ਦੀ ਹੀ ਸੀ ਜਿਨ੍ਹਾਂ ਦੇ ਦਿਲਾਂ ਵਿਚ ਧਰਮ ਦਾ ਜਜ਼ਬਾ ਭਾਵੇਂ ਬਹੁਤਾ ਨਾ ਹੋਵੇ ਪਰ ਜੀਵਨ ਨਾਲ ਸਿਧੀ ਛੋਹ ਰੱਖਣ ਵਾਲੇ ਹੁਨਰ, ਰਾਗ ਵਾਸਤੇ ਬੜੀ ਕਦਰ ਤੇ ਪਿਆਰ ਸੀ। ਕਿਸੇ ਦੇ ਸਿਰ ਉਤੇ ਤੌਲੀਆ ਸੀ ਤੇ ਕਿਸੇ ਦੇ ਉਤੇ ਰੁਮਾਲ।

ਬੜੇ ਰਸੀਲੇ ਢੰਗ ਨਾਲ ਕੀਰਤਨ ਹੋਇਆ। ਬੜੀਆਂ ਨਵੀਆਂ ਨਵੀਆਂ ਤਰਜ਼ਾਂ ਸੁਣਾਈਆਂ ਗਈਆਂ। ਸੁਣਨ ਵਾਲੇ ਮਜ਼੍ਹਬ ਦੀ ਵਖੇਂ-ਵਿਆਂ-ਵੰਡੀ ਵਾਦੀ ਤੋਂ ਕਿਤੇ ਉਚੇਰੇ ਰਲ ਮਿਲ ਕੇ ਬੈਠੇ ਸਨ ਤੇ ਉਨ੍ਹਾਂ ਉੱਤੇ ਹੋਏ ਅਸਰ ਦਾ ਅੰਦਾਜ਼ਾ ਇਸ ਗਲ ਤੋਂ ਲਾਇਆ ਜਾ ਸਕਦਾ ਸੀ ਕਿ ਰਬਾਬੀਆਂ ਨੂੰ ਘੜੀ ਮੁੜੀ ਅਰਦਾਸੇ ਕਰਨੇ ਪੈਂਦੇ ਤੇ ਇਨ੍ਹਾਂ ਅਰਦਾਸਿਆਂ ਵਿਚ ਲੀਤੇ ਗਏ ਨਾਵਾਂ ਵਿਚੋਂ ਬਹੁਗਿਣਤੀ ਗ਼ੈਰ ਸਿੱਖ ਕਿਸਮ ਦੇ ਨਾਵਾਂ ਦੀ ਸੀ।

ਗੁਰਦੁਆਰਾ ਤਾਂ ਹੋਵੇ ਸਿੱਖਾਂ ਦਾ, ਵਿਚ ਬਹੁਗਿਣਤੀ ਗ਼ੈਰ ਸਿੱਖਾਂ ਦੀ। ਰਬਾਬੀ ਭਾਈ ਸਾਹਿਬ ਵੀ ਉਨ੍ਹਾਂ ਨੂੰ ਹੀ ਖ਼ੁਸ਼ ਕਰਨ ਦੇ ਆਹਰ ਲੱਗੇ ਹੋਏ ਹੋਣ ਤੇ ਇਹ ਅਣਪੁਛੀ ਜਹੀ ਅਵਸਥਾ ਵਿਚ ਬੈਠੇ ਰਹਿਣ ਇਹ ਗਲ ਧਰਮ ਦੀ ਛਾਂ ਹੇਠਾਂ ਪਕ-ਚਿੱਟੇ-ਹੋਏ ਇਕ ਬਜ਼ੁਰਗ ਜੀ ਨੂੰ ਚੰਗੀ ਨਾ ਲੱਗੀ। ਉਨ੍ਹਾਂ ਢੇਰ ਚਿਰ ਸਬਰ ਕੀਤਾ ਪਰ ਰਹਿ ਨਾ ਸਕੇ ਤੇ ਆਖ਼ਰ ਖਲੋ ਕੇ, ਠੀਕ ਫ਼ੈਸਲੇ ਦੀ ਤਸੱਲੀ ਦੇ ਲਹਿਜੇ ਵਿਚ ਕਹਿਣ ਲੱਗੇ।

"ਭਾਈ ਸਾਹਬ! ਹੁਣ ਇਸ ਹੇ ... ਹੇ ਨੂੰ ਛੱਡੋ।" ਇਹ ਕੀਰਤਨ ਨਵੀਆਂ ਤਰਜ਼ਾਂ ਵਿਚ ਉਨ੍ਹਾਂ ਨੂੰ 'ਹੇ ... ਹੇ' ਜਾਪ ਰਿਹਾ ਸੀ। "ਤੇ ਕੋਈ ਗੁਰੂ ਘਰ ਦਾ ਪਰਸੰਗ ਸੁਣਾਉ।"

ਬਹੁਗਿਣਤੀ ਦੇ ਰਸ ਵਿਚ ਵਿਘਨ ਪੈ ਗਿਆ। ਉਨ੍ਹਾਂ ਨੇ ਇਕ ਉਸ ਬੱਚੇ ਵਾਂਗ ਮਹਿਸੂਸ ਕੀਤਾ, ਜਿਹੜਾ ਇਕ-ਰਸ ਮਾਂ ਦਾ ਥਣ ਚੁੰਘ ਚੁੰਘ ਕੇ ਖੀਵਾ ਹੋ ਰਿਹਾ ਹੋਵੇ ਪਰ ਅਚਾਨਕ ਉਹਦੇ ਮੂੰਹੋਂ ਉਹ ਥਣ ਖਿਚ ਲਿਆ ਜਾਏ।

ਕਿਸੇ ਦੁਕਾਨਦਾਰ ਪਾਸੋਂ, ਕੋਈ ਗਾਹਕ, ਕੋਈ ਉਹ ਚੀਜ਼ ਆ ਮੰਗੇ

ਜਿਹੜੀ ਉਸ ਪਾਸ ਹੋਵੇ ਈ ਨਾ, ਜਿਹੋ ਜਹੀ ਹਾਲਤ ਉਸ ਦੁਕਾਨਦਾਰ ਦੀ ਹੁੰਦੀ ਹੈ ਉਹੀ ਉਨ੍ਹਾਂ ਵਿਚਾਰੇ ਰਬਾਬੀ ਭਾਈ ਸਾਹਿਬਾਂ ਦੀ ਸੀ । ਤਬਲੇ ਉਤੇ ਹੱਥ ਰੱਖ ਕੇ ਪਿਉ ਪੁੱਤਰਾਂ ਦੇ ਮੂੰਹਾਂ ਵਲ ਵੇਖਣ ਲਗ ਪਿਆ ਤੇ ਪੁੱਤਰ ਪਿਉ ਦੇ ਮੂੰਹ ਵਲੋਂ । ਕਰਨ ਤਾਂ ਕੀ ਕਰਨ ? ਇਕ ਉਸ ਚੀਜ਼ ਦਾ 'ਆਰਡਰ' ਮਿਲ ਗਿਆ ਸੀ ਜਿਹੜੀ ਉਨ੍ਹਾਂ ਪਾਸ ਹੈਈ ਨਹੀਂ ਸੀ ਸਗੋਂ ਕਦੇ ਵੀ ਨਹੀਂ ਸੀ। ਪੜ੍ਹੇ-ਲਿਖੇ ਹੈ ਨਹੀਂ ਸਨ ਜੁ ਉਨ੍ਹਾਂ ਨੂੰ ਸਿੱਖ ਇਤਿਹਾਸ ਦੀ ਕੋਈ ਵਾਕਫ਼ੀ ਹੁੰਦੀ। ਨਾ ਹੀ ਉਹ ਵਿਆਖਿਆ ਕਰ ਸਕਦੇ ਸਨ। ਉਨ੍ਹਾਂ ਦੇ ਪਾਸ ਇੱਕੋ ਚੀਜ਼ ਸੀ ਤੇ ਉਹ ਸੀ ਗਲੇ ਦਾ ਰਸ, ਜਿਹੜਾ ਉਨ੍ਹਾਂ ਨੂੰ ਵਿਰਸੇ ਵਿਚ ਮਿਲਿਆ ਸੀ । ਬਾਕੀ ਕਾਫ਼ੀ ਮਸ਼ਕ ਕਰ ਕੇ ਉਹ ਆਪਣੀ ਪੇਟ-ਪੂਜਾ ਕਰ ਰਹੇ ਸਨ। ਪਰ ਹੁਣ ਭਰੇ ਦੀਵਾਨ ਵਿਚ ਉਨ੍ਹਾਂ ਦੇ ਇਮਤਿਹਾਨ ਵਾਸਤੇ ਔਖਾ ਜਿਹਾ ਪਰਚਾ ਉਨ੍ਹਾਂ ਦੇ ਸਾਮ੍ਹਣੇ ਰਖ ਦਿੱਤਾ ਗਿਆ ਸੀ। ਗਿਣਤੀਆਂ ਵਿਚ ਪੈ ਗਏ ।

ਝਟ ਕੁ ਪਿਛੋਂ ਵੱਡੇ ਭਾਈ ਸਾਹਬ ਨੇ ਇਕ ਖੰਘੂਰਾ ਮਾਰਿਆ ਤੇ ਉਨ੍ਹਾਂ ਦਾ ਸਿਰ ਉੱਚਾ ਉਠਿਆ ਜਾਣੀਦਾ ਨਿਰਾਸ਼ਾ ਦੇ ਸਮੁੰਦਰ ਵਿਚੋਂ।ਮੁੰਡਿਆਂ ਦੀ ਵੀ ਆਸ ਬਣ ਗਈ ਤੇ ਭਾਈ ਸਾਹਬ ਨੇ ਤਬਲੇ ਉਪਰ ਇਕ ਭਰਪੂਰ ਥਾਪ ਦੇ ਕੇ ਇਉਂ ਪ੍ਰਸੰਗ ਸ਼ੁਰੂ ਕੀਤਾ :

"ਹਛਾ ! ਗੁਰੂ ਕੀ ਪਿਆਰੀ ਸਾਧ ਸੰਗਤ ! ਭੈਣ ਨਾਨਕੀ ਨੇ ਗੁਰੂ ਸਾਹਬ ਨੂੰ ਯਾਦ ਕੀਤਾ ... ..."

ਜਿਨ੍ਹਾਂ ਰਬਾਬੀਆਂ ਜਾਂ ਕਵੀਆਂ ਨੂੰ ਸਿੱਖ ਇਤਿਹਾਸ ਦਾ ਕਖ ਵੀ ਪਤਾ ਨਾ ਹੋਵੇ, ਭੈਣ ਨਾਨਕੀ ਬੜੀ ਸੁਹਿਰਦਗੀ ਨਾਲ ਉਨ੍ਹਾਂ ਦੀ ਮਦਦ ਵਾਸਤੇ ਪਹੁੰਚ ਪਿਆ ਕਰਦੀ ਹੈ ਤੇ ਇਹ ਉਹਦੇ ਭਰਾ-ਪਿਆਰ ਦੇ ਉਹਲੇ ਆਪਣੀ ਨਾ-ਲਿਆਕਤੀ ਨੂੰ ਲੁਕਾ ਲਿਆ ਕਰਦੇ ਨੇ । ਇਸ ਤਰ੍ਹਾਂ ਘੜੀ ਮੁੜੀ ਦੁਹਰਾਇ ਜਾਣ ਕਰ ਕੇ ਇਹ ਪ੍ਰਸੰਗ ਇਕ ਸਿੱਕੇ-ਬੰਦ ਜਿਹੀ ਚੀਜ਼ ਬਣ ਗਿਆ ਏ ।

"ਗੁਰੂ ਸਾਹਬ ਕਾਬਲ ਦੇਸ ਵਿਖੇ ਬੈਠੇ ਸਨ, ਮਰਦਾਨੇ ਨੂੰ ਕਹਿਣ

ਲਗੇ, 'ਮਰਦਾਨਿਆ ! ਮੀਟ ਅੱਖੀਂ । ਭੈਣ ਨੇ ਯਾਦ ਕੀਤਾ ਏ ।' ਤੇ ਉਹ ਉਥੋਂ ਤੁਰ ਪਏ………"

ਇਹ ਸੁਣ ਕੇ ਗ਼ੈਰ-ਸਿਖ ਨੌਜਵਾਨਾਂ ਨੇ ਮੱਥੇ ਟੇਕੇ ਤੇ ਚਲਦੇ ਬਣੇ।

"………ਰਸਤੇ ਵਿਚ ਬੰਗਾਲਾ ਦੇਸ ਆ ਗਿਆ ਜਿਥੇ ਦੀਆਂ ਜਾਦੂਗਰਨੀਆਂ ਨੇ ਮਰਦਾਨੇ ਨੂੰ ਭੇਡੂ ਬਣਾ ਕੇ ਕਿੱਲੇ ਨਾਲ ਬੰਨ੍ਹ ਦਿੱਤਾ………।"

ਇਸ ਸੁਹਣੀ ਭੂਗੋਲਕ ਵਾਕਫ਼ੀ ਤੇ ਪੜ੍ਹੇ ਲਿਖੇ ਸਿੱਖ ਨੌਜਵਾਨਾਂ ਨੇ ਵੀ ਮੱਥੇ ਟੇਕ ਕੇ ਪ੍ਰਸੰਸਾ ਕੀਤੀ ਤੇ ਨਮਸਕਾਰ ਕਰ ਕੇ ਵਿਦਾ ਹੋ ਗਏ।

"………ਮਰਦਾਨੇ ਦੀ ਬੰਦ-ਖ਼ਲਾਸੀ ਕਰਾ ਕੇ ਗੁਰੂ ਸਾਹਬ ਫੇਰ ਅਗੇ ਚਲ ਪਏ। ਰਾਹ ਵਿਚ ਰੁਹੇਲ ਖੰਡ ਦੇਸ ਆਇਆ, ਜਿਥੇ ਇਕ ਰੁਹੇਲੇ ਨੇ ਗੁਰੂ ਜੀ ਨੂੰ ਗੋਲਾ ਬਣਾ ਲਿਆ………"

ਹੁਣ ਉਸ ਆਦਮੀ ਦਾ ਸਬਰ ਵੀ ਹੰਭ ਗਿਆ ਤੇ ਉਹ ਸਿਖ ਇਤਿਹਾਸ ਨੂੰ ਖੁੰਡੀ ਛੁਰੀ ਨਾਲ ਕੁਹੀਂਦਾ ਵੇਖ ਕੇ ਬਰਦਾਸ਼ਤ ਨਾ ਕਰ ਸਕਿਆ। ਉਠਿਆ ਤੇ ਚਲਾ ਆਇਆ ਤੇ ਬਾਕੀ ਰਹਿ ਗਏ ਪੱਕੇ ਸਿੱਖ।

ਇਸ ਤਰ੍ਹਾਂ ਰਬਾਬੀ ਭਾਈ ਸਾਹਬ ਤਿੰਨ ਚਾਰ ਪ੍ਰਸੰਗਾਂ ਨੂੰ ਘੋਟ ਘਾਟ ਕੇ ਇਕ ਮਿਕਸਚਰ ਬਣਾ ਸੰਗਤ ਦੀ ਭੇਟਾ ਕਰ ਰਹੇ ਸਨ ਤੇ ਉਹ ਪੱਕ-ਚਿੱਟੇ ਹੋਏ ਧਰਮੀ ਸਜਣ ਅੱਖੀਆਂ ਮੀਟ ਮੀਟ ਕੇ 'ਵਾਹ ਭਾਈ ਸਾਹਬ, ਵਾਹ ਭਾਈ ਸਾਹਬ' ਕਹਿ ਰਹੇ ਸਨ। ਨਾਲ ਹੀ ਇਕ ਦਮੜਾ ਅਰਦਾਸਾ ਕਰਾ ਕੇ ਉਨ੍ਹਾਂ ਨੇ ਆਪਣੀ ਕਦਰ-ਸ਼ਨਾਸੀ ਦਾ ਸਬੂਤ ਦਿੱਤਾ।

ਦੂਜੇ ਦਿਨ ਸਵੇਰੇ ਜਦੋਂ ਬਾਜ਼ਾਰ ਵਿਚ ਰਾਤ ਦੇ ਦੀਵਾਨ ਉੱਤੇ ਟੀਕਾ ਟਿੱਪਣੀ ਹੋ ਰਹੀ ਸੀ ਤਾਂ ਇਹ ਕਹਿੰਦਿਆਂ ਸੁਣਿਆਂ ਗਿਆ:

"ਆ ਵੜੇ ਸਨ ਗੁਰਦਵਾਰੇ, ਹੋ... ਹੋ ਸੁਣਨ ਵਾਸਤੇ। ਸਿਖ ਧਰਮ ਦੇ ਇਤਿਹਾਸ ਦੀ ਗਲ ਛਿੜੀ ਨਹੀਂ ਕਿ ਇਨ੍ਹਾਂ ਨੂੰ ਦੁਗਾੜਾ ਵੱਜਾ ਨਹੀਂ। ਮੱਥਾ ਟੇਕਿਆ ਤੇ ਬਸ ਕਿਰਨ-ਮ-ਕਿਰਨੀ ਸਾਰੇ ਹੀ ਕਿਰ ਗਏ।"

# ਅੱਧੋ-ਅੱਧ

ਨੂੰਹ ਸਸ ਬੜੀ ਹੀ ਸ਼ਰਧਾ ਨਾਲ ਸੰਗਰਾਂਦ ਤੇ ਤੀਰਥ ਅਸ਼ਨਾਨ ਕਰਨ ਗਈਆਂ। ਮੇਲੇ ਉੱਪਰ ਇਤਨੀ ਭੀੜ ਸੀ ਕਿ ਮੋਢੇ ਨਾਲ ਮੋਢਾ ਖਹਿਸਰਦਾ ਸੀ। ਸ਼ਰਧਾਲੂਆਂ ਵਿੱਚੋਂ ਧੱਕੇ-ਧੋੜੇ ਖਾ ਖ਼ੂ ਕੇ ਮਸਾਂ ਜਿਹੇ ਹਾਤੇ ਵਿਚ ਪਹੁੰਚੀਆਂ। ਸਲਾਹ ਬਣੀ ਕਿ ਪਹਿਲੋਂ ਸਰੋਵਰ ਵਿਚ ਇਸ਼ਨਾਨ ਕੀਤਾ ਜਾਏ, ਫੇਰ ਅੰਦਰ ਜਾ ਕੇ ਦਰਸ਼ਨ ਕਰੀਏ। ਦੋਵੇਂ ਪੌਣੇ ਤੇ ਗਈਆਂ। ਇਥੇ ਵੀ ਭੀੜ-ਭੜੱਕੇ ਦਾ ਉਹ ਹਾਲ ਸੀ ਕਿ ਰਹੇ ਰੱਬ ਦਾ ਨਾਂ।

ਖ਼ੈਰ ਜਿਉਂ ਤਿਉਂ ਕਰ ਕੇ ਕਪੜੇ ਲਾਹੇ, ਪਉੜੀਆਂ ਤੋਂ ਦੀ ਤਿਲਕਣ ਤੋਂ ਬਚਦੀਆਂ ਸਰੋਵਰ ਵਿਚ ਗਈਆਂ, ਦੋ ਟੁਭੀਆਂ ਲਾਈਆਂ, ਪਿੰਡਾ ਹੰਗਾਲਿਆ ਤੇ ਬਾਹਰ ਨਿਕਲ ਆਈਆਂ। ਕਪੜੇ ਪ ਣ ਲਗੀਆਂ ਤਾਂ ਤੋਤੇ ਹੀ ਉਡ ਗਏ। ਨੂੰਹ ਦੀਆਂ ਚਾਂਦੀ ਦੀਆਂ ਪੰਜੇਬਾਂ ਦਾ ਜੋੜਾ ਵਿਚੋਂ ਗ਼ ਇਬ ਸੀ। ਵਿਚੋਂ ਈ ਕੋਈ ਸ਼ਰਧਾ ਨਾਲ ਇਸ਼ਨਾਨ ਕਰਨ ਆਈ ਪ੍ਰੇਮਣ ਮਾਈ ਰੱਬ ਦੀ ਦਾਤ ਜਾਣ ਕੇ ਚੁਕ ਲੈ ਗਈ।

ਜਦੋਂ ਸੱਸ ਨੂੰਹ ਦੀ ਬੇ-ਵਕੂਫ਼ੀ ਤੇ ਉਹਨੂੰ ਘੂਰਨ ਲਗੀ ਤਾਂ ਝਟ ਨੂੰਹ ਨੇ ਇਕ ਤਜਵੀਜ਼ ਪੇਸ਼ ਕਰ ਦਿੱਤੀ ਕਿ ਚਲੋ ਅੰਦਰ ਚਲ ਕੇ ਪਰਸ਼ਾਦ ਸੁਖੀਏ। ਆਸ ਹੈ ਮਹਾਰਾਜ ਜੀ ਦੇ ਪਰਤਾਪ ਨਾਲ ਪੰਜੇਬਾਂ ਜ਼ਰੂਰ ਮਿਲ ਜਾਣਗੀਆਂ।

ਇਹ ਮਤਾ ਝਟ ਪਾਸ ਹੋ ਗਿਆ ਤੇ ਨੂੰਹ ਸੱਸ ਦੇ ਦਿਲ ਚੋਂ ਪ੍ਰਾਰਥਨਾਵਾਂ, ਦੇਗਚੇ ਚੋਂ ਹਵਾੜ ਵਾਂਗ, ਉਠਣ ਲਗ ਪਈਆਂ, ਦੋਵੇਂ ਸਿਰ ਤੋਂ ਲੈ ਕੇ ਪੈਰਾਂ ਤਕ ਨਿੱਗਰ-ਸ਼ਰਧਾ ਬਣ ਗਈਆਂ। ਹਥ ਜੋੜ

ਧਰਮ-ਬਾਣੀ ਪੜ੍ਹਦੀਆਂ ਹੋਈਆਂ ਅੰਦਰ ਗਈਆਂ। ਚੋਖਾ ਝੁਟ ਲਾ ਕੇ ਤੇ ਨੱਕ ਰਗੜ ਕੇ ਇਕ ਲੰਮਾ ਸਾਰਾ ਮੱਥਾ ਟੇਕਿਆ।

ਦੋਵੇਂ ਉਠੀਆਂ ਜੀਂਵਦੀਆਂ-ਪ੍ਰਾਰਥਨਾਵਾਂ ਵਾਂਗ। ਨੂੰਹ ਨੇ ਬੜੀ ਸ਼ਰਧਾ ਨਾਲ ਅੱਖੀਆਂ ਮੀਟੀਆਂ। ਅਜੇ ਉਹਨੇ ਕੁਝ ਬੇਨਤੀ ਵੀ ਨਹੀਂ ਸੀ ਕੀਤੀ ਕਿ ਸੱਸ ਦਾ ਧਿਆਨ ਸਾਹਮਣੇ ਜਾ ਪਿਆ। ਥਾਣੇਦਾਰ ਦੀ ਝੋਲੀ ਵਿਚ ਚੋਰੀ ਦਾ ਅੱਧਾ ਮਾਲ! ਇਕ ਪੰਜੇਬ ਪੂਜਯ ਅਸਥਾਨ ਉੱਤੇ ਚੜ੍ਹਾਵਾ ਚੜ੍ਹੀ ਹੋਈ ਸੀ।

ਹੈਰਾਨ ਹੋਈ ਹੋਈ ਨੇ ਨੂੰਹ ਨੂੰ ਇਕ ਪੋਲੀ ਜਿਹੀ ਚੂੰਢੀ ਵੱਢੀ ਤੇ ਉਹ ਦੋਵੇਂ ਬਾਹਰ ਆ ਗਈਆਂ।

●

# ਮੈਂ ਸੋਚੀਂ ਪੈ ਗਿਆ

ਉਹ ਮੇਰੇ ਇਕ ਰਿਸ਼ਤੇਦਾਰ ਹੀ ਸਨ। ਪਿਆਰ ਹਿਤ ਦੀ ਦੌਲਤ ਨਾਲ ਤਾਂ ਭਾਵੇਂ ਉਹ ਮਾਲਾ-ਮਾਲ ਸਨ ਪਰ ਦੁਨੀਆ ਦੀ ਮੰਡੀ ਵਿਚ ਚਲਣ ਵਾਲੇ 'ਖੋਟੇ ਸਿਕਿਆਂ' ਤੋਂ ਉਨ੍ਹਾਂ ਦਾ ਬਟੂਆ ਅਕਸਰ ਖ਼ਾਲੀ ਹੀ ਰਿਹਾ ਕਰਦਾ ਸੀ। ਜਿਥੇ ਉਹ ਆਪਣੇ ਆਪ ਨੂੰ ਗ਼ਰੀਬ ਸਮਝਦੇ ਸਨ, ਉਥੇ ਮੈਨੂੰ ਮੇਰੇ ਚਿਟਿਆਂ ਕਪੜਿਆਂ ਤੋਂ 'ਅਮੀਰ' ਸਮਝਣ ਦੇ ਭੁਲੇਖੇ ਵਿਚ ਪਏ ਹੋਏ ਸਨ। ਜਦੋਂ ਕਦੇ ਵੀ ਮੈਨੂੰ ਉਨ੍ਹਾਂ ਦੇ ਘਰ ਜਾਣ ਦਾ ਮੌਕਾ ਮਿਲਦਾ, ਉਹ ਆਪਣੇ ਵਿਤੋਂ ਵਧੇਰੀ ਖੇਚਲ ਨਾਲ ਮੇਰੀ ਖ਼ਾਤਰ ਕਰਦੇ ਤੇ ਮੇਰੀ ਵਾਰ ਵਾਰ ਦਿਲੋਂ ਕੀਤੀ ਹੋਈ 'ਨਾਂਹ-ਨਾਂਹ' ਨੂੰ 'ਰਿਵਾਜੀ-ਨਾਂਹ-ਨੁਕਰ' ਸਮਝ ਕੇ ਅਣ-ਖ਼ਿਆਲਿਆ ਜਿਹਾ ਕਰ ਛਡਦੇ, ਜਿਸ ਕਰ ਕੇ ਮੈਂ ਤੀਬਰ ਇੱਛਾ ਹੁੰਦਿਆਂ ਹੋਇਆਂ ਵੀ ਉਨ੍ਹਾਂ ਦੇ ਘਰ ਜਾਣੋਂ ਸੰਕੋਚ ਹੀ ਕਰ ਲਿਆ ਕਰਦਾ ਸਾਂ, ਭਾਵੇਂ ਆਪਣੇ ਇਸ ਅਮਲ ਨਾਲ ਮੈਂ 'ਬੇ-ਪ੍ਰੀਤਾ' ਜਿਹਾ ਸਮਝਿਆ ਜਾਣ ਦਾ ਮੌਕਾ ਉਨ੍ਹਾਂ ਨੂੰ ਦੇ ਰਿਹਾ ਸਾਂ।

ਇਕ ਦਿਨ ਮੈਂ ਉਨ੍ਹਾਂ ਦੇ ਘਰ ਗਿਆ, ਸਦਾ ਵਰਗੇ ਚਾਅ ਨਾਲ ਉਨ੍ਹਾਂ ਨੇ ਆਪਣੀ ਸਰਦਾਰਨੀ ਜੀ ਨੂੰ ਮੇਰੇ ਵਾਸਤੇ ਚਾਹ ਤਿਆਰ ਕਰਨ ਵਾਸਤੇ ਕਿਹਾ। ਦਸਾਂ ਕੁ ਵਰ੍ਹਿਆਂ ਦੇ ਕਾਕੇ ਨੂੰ ਦੁੱਧ ਲਿਆਵਣ ਵਾਸਤੇ ਗੜਵੀ ਦੇ ਕੇ ਬਾਜ਼ਾਰ ਭਜਾ ਦਿੱਤਾ ਤੇ ਸੱਤਾਂ ਕੁ ਵਰ੍ਹਿਆਂ ਦੇ ਨਿੱਕੇ ਕਾਕੇ ਨੂੰ ਕਿਹਾ ਕਿ ਉਹ ਆਪਣੀ ਭੈਣ ਨੂੰ ਖਿਡਾਏ ਤਾਂ ਜੁ ਸਰਦਾਰਨੀ ਜੀ ਦੇ ਹਥ ਜ਼ਰਾ ਕੁ ਵਿਹਲੇ ਹੋ ਜਾਣ। ਮੈਂ ਦੇਖਿਆ ਕਿ ਉਨ੍ਹਾਂ ਦੇ ਤਿੰਨਾਂ ਬੱਚਿਆਂ ਦੇ ਪਿੰਡੇ ਉੱਤੇ ਪਏ ਹੋਏ ਕਪੜੇ, ਪੋਹ ਮਾਂਹ ਦੀ ਬਾਰਸ਼ ਪਿਛੋਂ

ਪੈਣ ਵਾਲੀ ਕੜਾਕੇ ਦੀ ਠੰਢ ਤੋਂ ਇਕ ਬੱਚੇ ਨੂੰ ਵੀ ਬਚਾ ਸਕਣ ਵਾਸਤੇ ਕਾਫ਼ੀ ਨਹੀਂ ਸਨ।

"ਵਡਾ ਕਾਕਾ ਸੁਖ ਨਾਲ, ਕਿਹੜੀ ਜਮਾਤ ਵਿਚ ਪੜ੍ਹਦਾ ਹੈ ?" ਮੈਂ ਸਹਿਜ-ਸੁਭਾ ਹੀ ਪੁਛ ਬੈਠਾ ਪਰ ਮੈਂ ਪਿਛੋਂ ਮਹਿਸੂਸ ਕੀਤਾ ਕਿ ਮੈਨੂੰ ਇਹ ਸਵਾਲ ਨਹੀਂ ਸੀ ਪੁਛਣਾ ਚਾਹੀਦਾ ਕਿਉਂਕਿ ਮੇਰਾ ਸਵਾਲ ਸੁਣ ਕੇ ਮੇਰੇ ਸੁਹਿਰਦ ਮਿੱਤਰ ਦੀਆਂ ਅੱਖੀਆਂ ਵਿਚ ਅੱਥਰੂ ਡਲ੍ਹਕ ਆਏ।

"ਮੈਂ ਇਹਨੂੰ ਸਕੂਲੋਂ ਉਠਾ ਲਿਆ ਹੈ ... ...।" ਤੇ ਉਹ ਅੱਥਰੂ ਛਲਕ ਪਏ।

ਇਹੋ ਜਿਹੀ ਸੁਹਣੀ ਪੜ੍ਹਨ ਵਾਲੀ ਉਮਰੇ, ਇਕ ਹੋਣਹਾਰ ਦਿਸਦਾ ਬੱਚਾ ਸਕੂਲੇ ਪੜ੍ਹ ਨਾ ਰਿਹਾ ਹੋਵੇ, ਇਹ ਮੇਰੇ ਵਾਸਤੇ ਹੈਰਾਨੀ ਵਾਲੀ ਗਲ ਸੀ ਪਰ ਇਕ ਹੋਰ ਹੈਰਾਨੀ ਅਜੇ ਮੈਨੂੰ ਉਡੀਕ ਰਹੀ ਸੀ।

"... ... ਤੇ ਅਜ ਕਲ੍ਹ ਇਹ ... ... ਸਿੰਘ ਕਰਿਆਨੇ ਵਾਲੇ ਦੀ ਹੱਟੀ ਤੇ ਚਾਰ ਰੁਪਏ ਮਹੀਨੇ ਤੇ ਨੌਕਰ ਹੈ।" ਉਨ੍ਹਾਂ ਨੇ ਤ੍ਰਿਪ ਤ੍ਰਿਪ ਵਗਦੇ ਹੰਝੂਆਂ ਨਾਲ ਕਿਹਾ।

"ਪਰ ਤੁਸਾਂ ਇਹਨੂੰ ਸਕੂਲੋਂ ਉਠਾ ਕਿਉਂ ਲਿਆ ਏ ?" ਮੈਂ ਪੁਛਣੋਂ ਰਹਿ ਨਾ ਸਕਿਆ।

"ਇਹਦੀ ਫ਼ੀਸ ਮਾਫ਼ ਹੋ ਨਹੀਂ ਸਕੀ ਤੇ ਮੈਂ ਅਜ ਕਲ੍ਹ ਵਿਹਲਾ ਹੋਣ ਕਰ ਕੇ ਇਹਦੀ ਫ਼ੀਸ ਭਰ ਨਹੀਂ ਸਕਦਾ।"

ਦੌਲਤ ਦੀ ਨਾਕਸ ਵੰਡ ਦੇ ਵਿਰੁਧ, ਵਧ ਤੋਂ ਵਧ ਤਕੜਾ ਜਜ਼ਬਾ ਮੇਰੇ ਦਿਲ ਵਿਚ ਉਦੋਂ ਉੱਠਿਆ। ਕਹੀ ਨਾਕਸ ਤਕਸੀਮ ਹੈ। ਜ਼ਿੰਦਗੀ ਦੀਆਂ ਹੋਰ ਸਹੂਲਤਾਂ ਤਾਂ ਇਕ ਪਾਸੇ ਰਹੀਆਂ, ਇਸ ਭਰੀ ਦੁਨੀਆ ਵਿਚ ਤਾਲੀਮ ਵਰਗੀ ਲੋੜੀਂਦੀ ਚੀਜ਼ ਵੀ ਇਸ ਬੱਚੇ ਨੂੰ ਨਸੀਬ ਨਹੀਂ ! ਫਿਰ ਦੋ ਬੱਚੇ ਹੋਰ ਵੀ ਹਨ। ਉਨ੍ਹਾਂ ਦੇ ਭਾਗ ਇਸ ਦੁਨੀਆ ਵਿਚ ਆਪਣੇ ਵੱਡੇ ਭਰਾ ਨਾਲੋਂ ਕਿਤਨੇ ਕੁ ਚੰਗੇ ਹੋਣਗੇ। ਮੈਨੂੰ ਉਨ੍ਹਾਂ ਦਾ ਅਗੋਂ ਆਵਣ ਵਾਲਾ ਰਾਹ ਹਨੇਰ-ਮੁਨ੍ਹੇਰਾ ਜਾਪਿਆ ਤੇ ਬੇ-ਖ਼ਿਆਲੀ ਜਿਹੀ ਹਾਲਤ ਵਿਚ

ਮੈਂ ਚਾਹ ਦੀ ਪਿਆਲੀ ਪੀਤੀ ਤੇ ਪਹਿਲੂ ਵਿਚ ਦਿਲ ਨੂੰ, ਅੱਖੀਆਂ ਵਿਚ ਅੱਥਰੂਆਂ ਨੂੰ ਸੰਭਾਲਦਾ ਹੋਇਆ ਮੈਂ ਉਨ੍ਹਾਂ ਦੀਆਂ ਪਉੜੀਆਂ ਉੱਤਰ ਆਇਆ ।

ਦੋ ਚਾਰ ਮਹੀਨੇ ਪਿੱਛੋਂ ਮੈਨੂੰ ਖ਼ਬਰ ਮਿਲੀ ਕਿ ਉਨ੍ਹਾਂ ਦੇ ਘਰ-ਤਬੇਲੇ ਵਿਚ ਇਕ ਹੋਰ ਪਸ਼ੂ-ਬੱਚਾ ਆਪਣਾ ਜੀਵਨ ਬਰਬਾਦ ਕਰਨ ਵਾਸਤੇ ਆ ਗਿਆ ਹੈ ।

"ਮੈਂ ਉਨ੍ਹਾਂ ਨੂੰ ਜਾ ਕੇ ਵਧਾਈ ਦੇਵਾਂ ਕਿ ਅਫ਼ਸੋਸ ਪ੍ਰਗਟ ਕਰਾਂ?" ਮੈਂ ਆਪਣੇ ਦਿਲ ਵਿਚ ਸੋਚਿਆ ਤੇ ਜਵਾਬ ਵਿਚ ਮੇਰੇ ਉਦੋਂ ਦੇ ਡਕ ਡਕ ਰਖੇ ਅੱਥਰੂ ਛਮ ਛਮ ਵਸ ਪਏ ।

●

# ਪੁਲਸੀ-ਆਕੜ

ਕਾਫ਼ੀ ਹਨੇਰੀ ਰਾਤ ਸੀ। ਜਰਨੈਲੀ ਸੜਕ ਉਤੇ ਮਿਉਂਸਪੈਲਿਟੀ ਦੀ ਹੱਦੋਂ ਬਾਹਰ ਦੋ ਨੌਜਵਾਨ ਸਾਈਕਲਾਂ ਤੇ ਚੜ੍ਹੇ ਆਪੋ ਵਿਚ ਗੱਲਾਂ ਕਰਦੇ ਕਿਸੇ ਪਿੰਡ ਵਲ ਜਾ ਰਹੇ ਸਨ। ਇਨ੍ਹਾਂ ਵਿੱਚੋਂ ਇਕ ਤਾਂ ਐਨ ਅਪਣੇ ਖੱਬੇ ਹਥ ਉੱਤੇ ਸੀ ਤੇ ਦੂਜਾ ਉਹਦੇ ਨਾਲ ਗਲਾਂ ਕਰਦਾ ਹੋਣ ਕਰ ਕੇ ਉਹਦੇ ਨਾਲ ਨਾਲ ਸੜਕ ਦੇ ਵਿਚਕਾਰ ਦੀਂ ਜਾ ਰਿਹਾ ਸੀ। ਲੈਂਪਾਂ ਇਨ੍ਹਾਂ ਦੋਹਾਂ ਦੇ ਸਾਈਕਲਾਂ ਨਾਲ ਕੋਈ ਨਹੀਂ ਸਨ।

ਤਾਹੀਉਂ ਜੁ ਇਕ ਬੜੀ ਤਿਰਖੀ ਚਾਲ ਨਾਲ ਸੜਕ ਦੇ ਐਨ ਵਿਚਕਾਰ ਦੀਂ ਆਂਵਦਾ ਹੋਇਆ ਸਾਈਕਲ ਗੱਲਾਂ ਕਰਨ ਵਾਲੇ ਨੌਜਵਾਨ ਦੇ ਸਾਈ-ਕਲ ਦੇ ਪਿਛਲੇ ਹਿੱਸੇ ਨਾਲ ਆ ਟਕਰਾਇਆ ਤੇ ਇਕ ਭੁਵਾਂਟਣੀ ਖਾ ਕੇ ਬੁਰੀ ਤਰ੍ਹਾਂ ਡਿੱਗ ਪਿਆ। ਇਨ੍ਹਾਂ ਦੇ ਸਾਈਕਲਾਂ ਨੂੰ ਇਕ ਬੜਾ ਤਕੜਾ ਧੱਕਾ ਤਾਂ ਲੱਗਾ ਪਰ ਡਿੱਗੇ ਕੋਈ ਨਾ।

ਉਹਨੂੰ ਬੁਰੀ ਤਰਾਂ ਡਿਗਦੇ ਨੂੰ ਵੇਖ ਕੇ ਇਹ ਦੋਵੇਂ ਸਾਈਕਲਾਂ ਤੋਂ ਉਤਰ ਖਲੋਤੇ ਤੇ ਉਹਦੀ ਕੋਈ ਮਦਦ ਕਰਨ ਦੇ ਇਰਾਦੇ ਨਾਲ ਉਹਦੇ ਕੋਲ ਗਏ। ਇਕ ਨੇ ਡਿੱਗੀ ਹੋਈ ਕੁੱਲੇ ਵਾਲੀ ਪੱਗ ਫੜੀ ਤੇ ਮੂੰਧੇ ਪਏ ਹੋਏ ਤੋਂ ਸਾਈਕਲ ਨੂੰ ਚੁੱਕਿਆ। ਦੂਜੇ ਨੇ ਉਸ ਨੂੰ ਬਾਹੋਂ ਫੜਿਆ ਤੇ ਸਹਾਰਾ ਦੇ ਕੇ ਖੜਾ ਕਰਦਿਆਂ ਹੋਇਆਂ ਹਮਦਰਦੀ ਨਾਲ ਪੁਛਿਆ "ਕਿਤੇ ਬਹੁਤੀ ਤਾਂ ਨਹੀਂ ਲੱਗੀ?"

ਡਿੱਗਣ ਵਾਲਾ ਹੁਣ ਸੰਭਲ ਚੁੱਕਾ ਸੀ। ਇਸ ਹਮਦਰਦੀ-ਭਰੇ ਸਵਾਲ ਦੇ ਜਵਾਬ ਵਿਚ ਬੜੀ ਕੁਤ੍ਰਿੱਤਣ-ਭਰੀ ਆਕੜ ਨਾਲ ਬੋਲਿਆ।

"ਤੂੰ ਅੰਨ੍ਹਾ ਹੋਇਆ ਹੋਇਆ ਸੈਂ ਸਰਦਾਰਾ! ਤੇਰੀ ਅਕਲ ਚੁਗਣ ਗਈ ਹੋਈ ਸੀ, ਜੋ ਆਪਣੇ ਹਥ ਛੱਡ ਕੇ ਉਲਟੇ ਹਥ ਦੱਬੀ ਲਿਆਂਵਨਾਂ ਏਂ।"

ਹਮਦਰਦੀ ਦਾ ਇਹ ਉਲਟਾ ਅਸਰ ਹੋਇਆ ਵੇਖ ਕੇ ਉਹ ਨੌਜਵਾਨ ਸਮਝ ਗਏ ਕਿ ਡਿੱਗਣ ਵਾਲਾ ਕੋਈ ਪੁਲਸੀਆ ਏ, ਪਰ ਇਸ ਕ੍ਰਿਤਘਣ ਦੇ ਜਵਾਬ ਵਿਚ ਵੀ ਉਨ੍ਹਾਂ ਨੇ ਆਪਣੇ ਸੁਭਾਵਕ ਠਰ੍ਹੰਮੇ ਨੂੰ ਹਥੋਂ ਜਾਣ ਨਾ ਦਿੱਤਾ।

"ਜੀ ਹਾਂ, ਮੇਰੀ ਤੇ ਤੁਹਾਡੀ ਦੋਹਾਂ ਦੀ ਅਕਲ ਇਕੱਠੀ ਹੀ ਬੇਲੇ ਵਿਚ ਚੁਗਣ ਗਈ ਹੋਈ ਏ।" ਦੋਹਾਂ ਵਿੱਚੋਂ ਇਕ ਨੇ ਕਿਹਾ।

"ਤੇਰੀ ਲੈਂਪ ਕਿੱਥੇ ਏ?" ਹੁਣ ਪੁਲਸੀ ਆਕੜ ਸਾਫ਼ ਨੰਗੀ ਹੋ ਗਈ।

"ਜੀ ਲੈਂਪ ਮੇਰੀ ਵੀ ਉਸੇ ਮਿਸਤ੍ਰੀ ਦੀ ਹੱਟੀ ਤੇ ਮੁਰੰਮਤ ਵਾਸਤੇ ਪਈ ਹੈ ਜਿਸ ਉਤੇ ਤੁਹਾਡੀ।" ਉਸ ਨੇ ਜ਼ਰਾ ਕੁ ਪਕਿਆਂ ਹੋ ਕੇ ਜਵਾਬ ਦਿੱਤਾ। ਪੁਲਸੀਏ ਦਾ ਸਾਈਕਲ ਵੀ ਬੇ-ਲੈਂਪਾ ਹੀ ਸੀ।

"ਬੜਾ ਆਕੜ ਆਕੜ ਕੇ ਉਲਟੇ ਜਹੇ ਜਵਾਬ ਦੇਨਾਂ ਏਂ ਸਰਦਾਰਾ!" ਪੁਲਸੀਪਨ ਹੋਰ ਵੀ ਭੂਏ ਹੋ ਗਿਆ।

"ਮਾਫ਼ ਰਖਣਾ ਅਜੇ ਚੰਗੀ ਜਹੀ ਆਕੜ ਮੇਰੇ ਵਿਚ ਨਹੀਂ ਆਈ, ਕਿਉਂਕਿ ਆਕੜ ਪੁਲਸ ਵਾਲਿਆਂ ਤੋਂ ਕੁਝ ਵਧੀ ਹੀ ਨਹੀਂ ਜੁ ਮੇਰੇ ਹਿੱਸੇ ਵੀ ਆਂਵਦੀ। ਹਾਂ ਜੇ ਮੈਂ ਪੁਲਸ ਵਿਚ ਭਰਤੀ ਹੋ ਗਿਆ ਹੁੰਦਾ ਤਾਂ ਫੇਰ ਮੇਰੇ ਵਿਚ ਕਾਫ਼ੀ ਆਕੜ ਹੋ ਜਾਂਦੀ।" ਪੱਕਾ ਚਾਲੀ ਸੇਰਾ ਜਵਾਬ ਮਿਲਿਆ।

ਦੂਜੇ ਜਵਾਨ ਨੂੰ ਪੁਲਸੀਏ ਦੀ ਇਹ ਆਕੜ ਜ਼ਰਾ ਚੁਭ ਰਹੀ ਸੀ। ਗਲ ਨੂੰ ਖ਼ਤਮ ਕਰਨ ਦੇ ਇਰਾਦੇ ਨਾਲ ਉਸ ਨੇ ਅਗਾਂਹ ਵਧ ਕੇ ਕਿਹਾ, "ਹੱਛਾ 'ਥਾਣੇਦਾਰ ਸਾਹਿਬ!' ਜਦੋਂ ਅਸੀ ਥਾਣੇ ਵਿਚ ਤੁਹਾਡੇ ਕੋਲੋਂ ਕੋਈ ਰਪੋਟ ਦਰਜ ਕਰਾਣ ਆਏ ਤਾਂ ਫੇਰ ਤੁਸੀ ਰੱਜ ਕੇ ਰੋਹਬ ਛਾਂਟ ਲੈਣਾ। ਹੁਣ ਤੁਸੀ ਪੱਗ ਸੰਭਾਲੋ ਤੇ ਫੁਰਮਾਓ ਕਿ ਅਸੀ ਤੁਹਾਡੀ ਕੋਈ ਖ਼ਿਦਮਤ ਕਰ ਸਕਦੇ ਹਾਂ?"

"ਥਾਨੇਦਾਰ ਸਾਹਬ" ਨੇ ਬੜੇ ਗੁਸੇ ਨਾਲ ਝਟਕਾ ਮਾਰ ਕੇ ਕੁੱਲਾ ਤੇ ਪੱਗ ਉਹਦੇ ਹਥੋਂ ਫੜ ਲਈ ਤੇ ਅਪਣਾ ਸਾਈਕਲ ਚੁਕ ਕੇ ਠੀਕ ਠਾਕ ਕਰਨ ਦੇ ਆਹਰ ਲਗ ਪਏ। ਉਨ੍ਹਾਂ ਦੇ ਮੱਥੇ ਉੱਤੇ ਤਿਊੜੀ ਵੀ ਜ਼ਰੂਰ ਪਈ ਹੋਵੇਗੀ ਪਰ ਹਨੇਰੇ ਵਿਚ ਦਿੱਸੀ ਨਾ।

# ........ਮਾਨ ਭਰਾ

ਕਸਬੇ ਦੇ ਮੁਸਲਮਾਨੀ ਵਸੋਂ ਵਾਲੇ ਇਕ ਮਹੱਲੇ ਵਿਚ ਇਕ ਚਲਤੇ-ਪੁਰਜ਼ੇ ਨੌਜਵਾਨ ਮੁਸਲਮਾਨ ਮੁੰਡੇ ਨੇ ਇਕ 'ਹਲਵਾਈ ਜਿਹੇ' ਦੀ ਦੁਕਾਨ ਖੋਹਲੀ ਹੋਈ ਸੀ। ਦੁਧ ਇਸ ਦਾ ਪਾਣੀ ਵਾਲਾ, ਦਹੀਂ ਇਹਦਾ ਖੱਟਾ ਤੇ ਬਿਹਾ-ਤ੍ਰਬਿਹਾ, ਮਠਿਆਈ ਇਹਦੀ 'ਬਨਾਸਪਤੀ ਖ਼ਾਲਸ' ਦੀ, ਮੇਸੂ ਇਹਦਾ ਝਾਂਵੇਂ ਨਾਲੋਂ ਵੀ ਪੀਂਢਾ, ਚੀਜ਼ਾਂ ਬਣਾਨ ਦਾ ਢੰਗ ਸਖ਼ਤ ਗੰਦਾ, ਭਾਂਡੇ ਮੈਲੇ ਤੇ ਮਖੀਆਂ ਇਨ੍ਹਾਂ ਉੱਤੇ ਭਿਣ ਭਿਣ ਕਰਦੀਆਂ। ਪਰ ਇਹ ਸਾਰਾ ਸੌਦਾ, ਜਿਸ ਨੂੰ ਗੰਦ-ਮੰਦ ਹੀ ਕਿਹਾ ਜਾਣਾ ਚਾਹੀਦਾ ਹੈ, ਉਹ ਤਅੱਸਬ ਨਾਲ, ਇਸਲਾਮ ਦਾ ਲੇਬਲ ਲਾ ਕੇ ਆਪਣੇ ਬੁੱਧੂ ਭਰਾਵਾਂ ਅਗੇ ਵੇਚ ਦੇਂਦਾ ਸੀ ਤੇ ਵਾਧਾ ਇਹ ਕਿ ਉਹਦਾ ਇਹ ਸਾਰਾ ਘਟੀਆ ਮਾਲ ਬਜ਼ਾਰ ਦੇ ਵਧੀਆ ਸੌਦੇ ਨਾਲੋਂ ਵੀ ਮਹਿੰਗੇ ਭਾ ਵਿਕ ਜਾਇਆ ਕਰਦਾ ਸੀ।

"ਕਦੇ ਖਤਰੀਆਂ ਜਾਂ ਸਿੱਖਾਂ ਨੂੰ ਵੀ ਤੁਸਾਂ ਨੂੰ ਕਿਸੇ ਮੁਸਲਮਾਨ ਹਲਵਾਈ ਪਾਸੋਂ ਕੋਈ ਮਠਿਆਈ ਲੈਂਦਿਆਂ ਵੇਖਿਆ ਹੈ? ਤੁਹਾਨੂੰ ਸ਼ਰਮ ਆਵਣੀ ਚਾਹੀਦੀ ਹੈ ਕਿ ਤੁਸੀ ਉਨ੍ਹਾਂ ਕਾਫ਼ਰਾਂ ਪਾਸੋਂ ਸੌਦਾ ਲੈਂਦੇ ਹੋ ਜਿਹੜੇ ਹਰਾਮ ਖਾਂਦੇ ਨੇ। ਮੁਸਲਮਾਨਾਂ ਨੂੰ ਹਮੇਸ਼ਾਂ ਆਪਣੇ ਮੁਸਲਮਾਨ ਭਰਾਵਾਂ ਦੀ ਹੱਟੀ ਤੋਂ ਹੀ ਸੌਦਾ ਲੈਣਾ ਚਾਹੀਦਾ ਹੈ।" ਉਹ ਆਪਣੇ ਗਾਹਕਾਂ ਨੂੰ ਅਕਸਰ ਇਸ ਤਰ੍ਹਾਂ ਆਖਿਆ ਕਰਦਾ ਸੀ।

ਲਾਗਲੇ ਪਿੰਡ ਦੇ ਦੋ ਮੁਸਲਮਾਨ, ਜਿਨ੍ਹਾਂ ਦੇ ਸਿਰ ਉੱਤੇ ਘਟੋ ਘਟ ਪੰਦਰਾਂ ਪੰਦਰਾਂ ਸੇਰ ਪਤਾਸਿਆਂ ਨਾਲ ਕੰਢਿਆਂ ਤੀਕ ਭਰੇ ਟੋਕਰੇ ਸਨ,

ਇਸ ਹੱਟੀ ਦੇ ਅੱਗੋਂ ਦੀਂ ਹੋ ਕੇ ਆਪਣੇ ਪਿੰਡ ਵਲ ਵਾਪਸ ਜਾਂਦੇ ਲੰਘੇ।

ਇਹ ਮੁਸਲਮਾਨ ਹੋਣ ਤੇ ਇਤਨੀ ਵਡੀ ਰਕਮ ਕਿਸੇ ਹੋਰ ਨੂੰ ਵਟਾ ਆਏ ਹੋਣ । ਹਲਵਾਈ ਨੂੰ ਇਹ ਗਲ ਬੜੀ ਬੁਰੀ ਲਗੀ ਤੇ ਉਨ੍ਹਾਂ ਨੂੰ ਹੱਟੀ ਅੱਗੇ ਖਲ੍ਹਿਆਰ ਕੇ ਪੁੱਛਣ ਲਗਾ :

"ਸੁਣਾਉ ਭਰਾਉ ਖ਼ੈਰੀਂ ਨਾਲ, ਇਹ ਪਤਾਸੇ ਕਹੇ ਚੁਕੇ ਹੋਏ ਜੇ ?"

"ਖ਼ੈਰੀਂ ਸਾਡੇ ਮਹਿਰ ਦੇ ਘਰ ਜਾਤਕ ਹੋਇਆ ਏ ਉਨ੍ਹਾਂ ਨੇ ਗਰਾਂਇ ਚ' ਵੰਡਣੇ ਨੇ।" ਉਨ੍ਹਾਂ ਵਿਚੋਂ ਇਕ ਨੇ ਜਵਾਬ ਦਿੱਤਾ ਤੇ ਉਹ ਖਲੋ ਗਏ।

"ਕਿਸਦੀਉਂ ਹੱਟੀਉਂ ਲਿਆਏ ਹੋ ?"

ਉਨ੍ਹਾਂ ਨੇ ਇਕ ਹਿੰਦੂ ਹਲਵਾਈ ਦਾ ਨਾਂ ਲਿਆ।

"ਵਾਹ ! ਤੁਸੀ ਵੀ ਚੰਗੇ ਓ, ਮੁਸਲਮਾਨ ਹੋ ਕੇ ਕਾਫ਼ਰਾਂ ਦੀ ਹੱਟੀਉਂ ਸੌਦਾ ਲੈਂਦਿਆਂ ਤੁਹਾਨੂੰ ਸ਼ਰਮ ਨਹੀਂ ਆਈ ? ਸੱਚੀ ਗੱਲ ਤਾਂ ਇਹ ਕਿ ਮੁਸਲਮਾਨਾਂ ਵਿਚ ਗ਼ੈਰਤ ਹੀ ਕੋਈ ਨਹੀਂ ?"

"ਪਰ ਕਿਸੇ ਮੁਸਲਮਾਨ ਭਰਾ ਦੀ ਹਟੀਉਂ ਸਾਨੂੰ ਮਿਲੇ ਜੁ ਨਹੀਂ ਸਨ।" ਉਨ੍ਹਾਂ ਦੋਹਾਂ ਨੇ ਕਿਹਾ।

"ਮਿਲੇ ਕਿਉਂ ਨਹੀਂ ? ਜਿਤਨੇ ਮੂੰਹ ਮੰਗੋ ਮਿਲ ਸਕਦੇ ਨੇ। ਪਰ ਤੁਸਾਂ ਨੂੰ ਤਾਂ ਕਾਫ਼ਰਾਂ ਦੀ ਹਟੀਉਂ ਸੌਦਾ ਲੈਣ ਵਿਚ ਸਵਾਦ ਆਂਵਦਾ ਹੈ।"

"ਦੱਸ ਖਾਂ; ਤੇਰੇ ਕੋਲ ਹੈਣ ?"

"ਹਾਂ, ਜਿਤਨੇ ਮਰਜ਼ੀ ਜੇ ਲਵੋ।"

"ਚੰਗਾ ਫੇਰ ਅਸੀ ਇਹ ਮੋੜ ਆਂਵਦੇ ਹਾਂ ਤੇ ਆ ਕੇ ਇਕ ਮੁਸਲਮਾਨ ਭਰਾ ਕੋਲੋਂ ਲੈ ਲੈਂਦੇ ਹਾਂ।" ਇਕ ਨੇ ਦੂਜੇ ਨੂੰ ਕਿਹਾ।

"ਪਰ ਉਹ ਮੋੜ ਲਵੇਗਾ ? ਇਹ ਨਾ ਆਖੇਗਾ 'ਭਿਟਿਆ' ਹੋ ਗਈ ਏ।" ਦੂਜੇ ਨੇ ਪੁਛਿਆ।

"ਨਾ ਮੋੜੇਗਾ ਨਾ ਖਸਮਾਂ ਨੂੰ ਖਾਇਗਾ।" ਹਲਵਾਈ ਨੇ ਤੜ੍ਹੀ ਦਿੱਤੀ।" "ਹੁੰਦਾ ਏ ਜਿਹਾ ਤਿਹਾ ਨਾ ਮੋੜਨ ਵਾਲਾ, ਪਰ ਤੁਹਾਡੀ ਨੀਅਤ ਵੀ ਹੋਵੇ।"

ਉਸ ਨੇ ਉਨ੍ਹਾਂ ਦੋਹਾਂ ਨੂੰ ਚੰਗਾ ਗਰਮ ਕਰ ਕੇ ਵਾਪਸ ਭੇਜ ਦਿਤਾ ਤੇ ਜਾਂਦਿਆਂ ਨੂੰ ਪੁਛਣ ਲੱਗਾ, "ਪਰ ਤੁਹਾਨੂੰ ਚਾਹੀਦੇ ਕਿਤਨੇ ਕੁ ਨੇ ?"

"ਤ੍ਰੀਹ ਸੇਰ ਲੈਣੇ ਨੇ ਅਸਾਂ !" ਦੋਹਾਂ ਨੇ ਕਿਹਾ।

"ਚੰਗਾ ਫੇਰ ਝਟ ਪਟ ਮੁੜਦੇ ਹੋਵੋ।"

ਪਤਾਸੇ ਇਸ ਕੋਲ ਹੈ ਨਹੀਂ ਸਨ, ਨਾ ਈ ਕਦੇ ਇਸ ਬਣਾਏ ਸਨ। ਹਮੇਸ਼ਾਂ ਲੋੜ ਵੇਲੇ ਬਾਜ਼ਾਰੋਂ ਲਿਆ ਕੇ ਵਿਚਲਾ ਨਫ਼ਾ ਖਾ ਲਿਆ ਕਰਦਾ ਸੀ।

ਪਤਾ ਨਹੀਂ ਕਿਸ ਤਰ੍ਹਾਂ ਲੜਾਈ ਝਗੜਾ ਕਰ ਕੇ ਉਨ੍ਹਾਂ ਪਤਾਸੇ ਮੋੜੇ ਤੇ ਖ਼ਾਲੀ ਟੋਕਰੇ ਲਈ ਇਹਦੀ ਹਟੀ ਤੇ ਆ ਗਏ।

"ਤੁਸੀ ਏਥੇ ਬਹੋ ਤੇ ਮੈਂ ਘਰੋਂ ਟੋਕਰੇ ਭਰ ਲਿਆਂਵਦਾ ਹਾਂ।"

ਕਹਿ ਕੇ ਉਹ ਭੱਜਾ ਭੱਜਾ ਗਿਆ। ਦੋਹਾਂ ਵਿਚੋਂ ਇਕ ਮੁਸਲਮਾਨ ਵੀ ਇਹ ਜਾਨਣ ਵਾਸਤੇ ਕਿ ਵੇਖਾਂ ਤਾਂ ਸਹੀ ਇਹਦੀ ਪਤਾਸਿਆਂ ਦੀ ਫ਼ੈਕਟਰੀ ਕਿਹੜੇ ਪਾਸੇ ਹੈ, ਉਹਦੇ ਪਿੱਛੇ ਪਿੱਛੇ ਗਿਆ ਤੇ ਕੀ ਵੇਖਦਾ ਹੈ ਕਿ ਇਹ ਉਸੇ ਹਿੰਦੂ ਦੁਕਾਨਦਾਰ ਕੋਲ ਜਾ ਕੇ ਉਹੀ ਪਤਾਸੇ ਤੁਲਵਾ ਰਿਹਾ ਹੈ ਜਿਹੜੇ ਉਹ ਵਾਪਸ ਕਰ ਆਏ ਸਨ। "ਜ਼ਰਾ ਝਟ ਪਟ ਕਰੀਂ ਚਾਚਾ ਰਾਮਿਆ ! ਝਟੋ ਪਟ, ਮੈਂ ਹੱਟੀ ਤੇ ਗਾਹਕ ਬਹਾ ਕੇ ਆਇਆ ਹਾਂ।" ਉਹ ਹੌਲੀ ਹੌਲੀ ਪਤਾਸੇ ਤੋਲ ਕੇ ਖ਼ਤਰੀ ਨੂੰ ਕਹਿ ਰਿਹਾ ਸੀ। ਵੇਖ ਕੇ ਕੇ ਜੱਟ ਨੇ ਇਕ ਕਚੀਚੀ ਵੱਟੀ ਪਰ ਚੁਪ ਚੁਪੀਤਾ ਅਣਕੋੜ ਹੀ ਉਹਦੇ ਵਾਪਸ ਮੁੜਨ ਤੋਂ ਪਹਿਲਾਂ ਹੀ ਹੱਟੀ ਤੇ ਪਹੁੰਚ ਕੇ ਹੁਕਾ ਪੀਣ ਲਗ ਪਿਆ।

ਪਤਾਸਿਆਂ ਦੇ ਦੋ ਟੋਕਰੇ ਹੱਟੀ ਉੱਤੇ ਲਿਆ ਰੱਖੇ ਗਏ।

"ਕੀ ਭਾ ਲਾਏਂਗਾ ?" ਦੋਹਾਂ ਯਮਲੇ ਜੱਟਾਂ ਵਿਚੋਂ ਇਕ ਨੇ ਪੁਛਿਆ।

"ਸਸਤੇ ਈ, ਤੁਹਾਨੂੰ ਕੋਈ ਵਧ ਲਾਣੇ ਨੇ, ਲੋ ਟੋਕਰੇ ਉਰ੍ਹਾਂ ਕਰੋ।"

"ਫਿਰ ਵੀ ਭਾ ਦਾ ਤਾਂ ਪਤਾ ਲਗੇ ?"

"ਸਵਾ ਦੋ ਸੇਰ ਰੁਪਏ ਦੇ।"

"ਪਰ ਉਸ ਖਤਰੀ ਨੇ ਤਾਂ ਸਾਨੂੰ ਪੌਣੇ ਤ੍ਰੈ ਸੇਰ ਦੇ ਭਾ ਦਿੱਤੇ ਸਨ।"

"ਉਹ ਪਤਾਸੇ ਤੇ ਇਹ ਪਤਾਸੇ ਕੋਈ ਇਕ ਨੇ? ਮਹਿੰਗ ਸਸਤ ਨਹੀਂ ਵੇਖੀਦਾ ਭਲਿਆ ਲੋਕਾ! ਸਿਆਣੇ ਆਦਮੀ ਚੀਜ਼ ਚੰਗੀ ਵੇਖਦੇ ਨੇ, ਨਾਲੇ ਮੁਸਲਮਾਨ ਭਰਾ ਨੇ ਵਿਚੋਂ ਚਾਰ ਪੈਸੇ ਖਟ ਲਏ ਤਾਂ ਕੀ ਹੋਗਿਆ?"

"ਚੰਗਾ ਯਾਰ! ਪਰ ਇਹ ਤਾਂ ਦਸ ਕਿ ਇਹ ਪਤਾਸੇ ਤੇਰੇ ਭਰਾ ਨੇ ਬਣਾਏ ਨੇ?" ਉਸ ਨੇ ਪੁਛਿਆ ਜਿਹੜਾ ਪਿੱਛੇ ਪਿੱਛੇ ਜਾ ਕੇ ਸਭ ਕੁਝ ਵੇਖ ਆਇਆ ਸੀ।

"ਹਾਂ ਸਾਡਾ ਕੰਮ ਈ ਬਹੁਤਾ ਪਤਾਸਿਆਂ ਦਾ ਏ। ਹੱਛਾ ਲਿਆਉ ਟੋਕਰੇ।" ਉਸ ਨੇ ਤੱਕੜੀ ਉੱਪਰ ਤੋਲ ਰਖਦਿਆਂ ਹੋਇਆਂ ਕਿਹਾ।

"ਈਮਾਨ ਨਾਲ ਠੀਕ ਕਹਿ ਰਿਹਾ ਏਂ ਨਾ?" ਜੱਟ ਦੀ ਆਵਾਜ਼ ਜ਼ਰਾ ਉੱਚੀ ਹੋ ਗਈ।

"ਈਮਾਨ ਨਾਲ ਨਹੀਂ ਤਾਂ ਹੋਰ ਐਵੇਂ?" ਹਲਵਾਈ ਵੀ ਪੂਰਾ ਪੱਤੇਬਾਜ਼ ਸੀ।

"ਹਛਾ, ਤੇ ਉਹ ਚੌਂਕ ਵਾਲਾ ਤੇਰਾ ਭਰਾ ਏ?"

ਹਲਵਾਈ ਜ਼ਰਾ ਕੁ ਚੁਪੀਤਾ ਜਿਹਾ ਹੋ ਗਿਆ।

"ਤਾਂ ਫਿਰ ਅਸੀ ਇਹ ਪਤਾਸੇ ਤੇਰੇ ਭਰਾ ਪਾਸੋਂ ਹੀ ਤਾਂ ਲਿਆਏ ਸੀ।" ਉਸ ਜੱਟ ਨੇ ਕਿਹਾ ਜਿਹੜਾ ਹਲਵਾਈ ਦੇ ਪਿੱਛੇ ਪਿੱਛੇ ਨਹੀਂ ਸੀ ਗਿਆ।

ਦੁਕਾਨਦਾਰ ਨੇ ਸਿਰ ਨੀਵਾਂ ਪਾ ਲਿਆ।

"ਅਸੀ ਮੁਸਲਮਾਨ ਭਰਾ ਨੂੰ ਤਾਂ ਸ਼ਾਇਦ ਦੋ ਚਾਰ ਰੁਪਏ ਖਟਾ ਈ ਜਾਂਦੇ ਪਰ ਇਕ 'ਬਈਮਾਨ ਭਰਾ' ਨੂੰ ਕੁਝ ਵੀ ਖਟਾਣ ਵਾਸਤੇ ਤਿਆਰ ਨਹੀਂ। ਤੂੰ ਸਾਨੂੰ ਬੁੱਧੂ ਬਣਾਨ ਦੀ ਕੋਸ਼ਿਸ਼ ਕੀਤੀ ਏ ਪਰ ਅਸਾਂ ਤੇਰੀ ਸਾਰੀ ਬੇ-ਈਮਾਨੀ ਵੇਖ ਲਈ ਏ।" ਉਹਨੇ ਕਿਹਾ ਜਿਹੜਾ ਪਿੱਛੇ ਪਿੱਛੇ ਗਿਆ ਸੀ। ਮੁਸਲਮਾਨ ਭਰਾ ਦੀ ਹੱਟੀਓਂ ਖ਼ਾਲੀ ਟੋਕਰੇ ਚੁਕ ਕੇ ਉਨ੍ਹਾਂ ਫੇਰ ਕਾਫਰ ਭਰਾ ਦੀ ਹੱਟੀਓਂ ਪਤਾਸੇ ਜਾ ਪਵਾਏ।

... SRINAG...

# ਸਾਵੇਂ ਹੱਕ

ਉਨ੍ਹਾਂ ਦੇ ਆਪਣੇ ਬਚਪਨ ਦੀ ਮਸ ਉਸ ਆਲੇ-ਦੁਆਲੇ ਵਿਚ ਫੁਟੀ ਸੀ ਜਿਸ ਵਿਚ ਮਰਦ ਨੂੰ 'ਸਰਵ-ਸ਼ਕਤੀਮਾਨ-' ਮੰਨਿਆ ਜਾਂਦਾ ਸੀ। 'ਹੱਕਾਂ' ਦਾ ਸਾਰਾ ਮਾਮਲਾ ਮਰਦ ਦੇ ਹੱਥ ਵਿਚ ਹੁੰਦਾ ਸੀ ਤੇ ਔਰਤ ਦੇ ਜ਼ਿਮੇ ਬਸ 'ਫ਼ਰਜ਼ ਹੀ ਫ਼ਰਜ਼'। ਹਰ ਇਕ ਮਰਦ ਆਪਣੇ ਘਰ ਵਿਚ ਕਿਸੇ ਦੇਸੀ ਰਿਆਸਤ ਦੇ ਰਾਜੇ ਨਾਲੋਂ ਘਟ ਖ਼ੁਦ-ਮੁਖ਼ਤਾਰ ਨਹੀਂ ਸੀ। ਔਰਤ ਨੂੰ ਮਾਰ ਸਕਣਾ, ਬੇ-ਇੱਜ਼ਤ ਕਰ ਸਕਣਾ, ਘਰੋਂ ਕਢ ਸਕਣਾ ਆਦ ਮਰਦ-ਦੇਵਤਾ ਦੇ ਹੱਕ ਸਨ ਤੇ ਇਹ ਸਭ ਕੁਝ ਸਹਿ ਕੇ ਵੀ ਹਵਾੜ ਤਕ ਨਾ ਕੱਢਣਾ ਔਰਤ ਦਾ ਫ਼ਰਜ਼। ਇਹ ਸਾਰਾ ਕੁਝ ਉਨ੍ਹਾਂ ਨੇ ਆਪਣੇ ਚੌ-ਗਿਰਦੇ ਹੁੰਦਾ ਦੇਖਿਆ ਸੀ ਤੇ ਉਨ੍ਹਾਂ ਦੇ ਵਿਆਹ ਵੇਲੇ ਦੀ ਤਸਵੀਰ ਦਾ ਪਿੱਠ-ਦ੍ਰਿਸ਼ਯ Back ground ਵੀ ਲਗ ਪਗ ਇਹੋ ਜਿਹਾ ਹੀ ਸੀ।

ਪਰ ਹੁਣ ਸਮੇਂ ਬਦਲ ਚੁਕੇ ਸਨ। ਇਹਨੀਂ ਦਿਨੀਂ ਉਹ ਇਕ ਕਾਫ਼ੀ ਆਮਦਨ ਵਾਲੇ ਸਰਕਾਰੀ ਅਹੁਦੇ ਉੱਪਰ ਲੱਗੇ ਹੋਏ ਸਨ ਤੇ ਨਾਲ ਹੀ ਇਕ ਚੰਗੇ ਖ਼ਬਰਦਾਰ ਪਰਵਾਰ ਦੇ ਪਿਤਾ ਵੀ ਸਨ, ਜਿਸ ਵਿਚ ਬਹੁ-ਗਿਣਤੀ ਧੀਆਂ ਦੀ ਸੀ। ਉਨ੍ਹਾਂ ਨੇ ਪੁੱਤਰਾਂ ਵਾਂਗ ਹੀ ਧੀਆਂ ਨੂੰ ਲਾਡ ਕੀਤੇ, ਪੁੱਤਰਾਂ ਵਾਂਗ ਹੀ ਉਨ੍ਹਾਂ ਦੇ ਦਾਹਵੇ ਮੰਨੇ, ਪੁੱਤਰਾਂ ਵਾਂਗ ਹੀ ਕਾਲਜਾਂ ਤਕ ਪੜ੍ਹਾਇਆ ਲਿਖਾਇਆ, ਹੁਕਮਾਂ ਦੀ ਥਾਂ ਉਨ੍ਹਾਂ ਨੂੰ ਮਸ਼ਵਰੇ ਦਿੱਤੇ, ਹਰ ਕੰਮ ਵਿਚ ਉਨ੍ਹਾਂ ਦੀ ਸਲਾਹ ਨੂੰ ਸਤਕਾਰਿਆ, ਉਨ੍ਹਾਂ ਦੀ ਹਰ ਚੰਗੀ ਰੀਝ ਨੂੰ ਪੁੱਤਰਾਂ ਵਾਂਗ ਪੂਰਾ ਕੀਤਾ, ਚੰਗਾ ਉਸਾਰੂ ਸਾਹਿਤ ਪੜ੍ਹਨ ਵਾਸਤੇ ਲਿਆ ਲਿਆ ਦਿੱਤਾ ਤਾਂ ਜੁ ਉਨ੍ਹਾਂ ਦੀਆਂ ਧੀਆਂ ਕਿਸੇ ਪਾਸੋਂ ਊਣੀਆਂ ਨਾ ਰਹਿ

ਜਾਣ ਤੇ ਜ਼ਿੰਦਗੀ ਦੀ ਤਮਾਸ਼ਾ-ਗਾਹ ਵਿਚ ਆਪਣੇ ਵਾਸਤੇ ਕੋਈ ਚੰਗੀ ਜਹੀ ਥਾਂ ਮੱਲ ਸਕਣ ਦੇ ਯੋਗ ਹੋ ਜਾਣ। ਗੱਲ ਕੀ ਹੱਕਾਂ ਦਾ ਉਹ ਸਾਵਾਂ-ਪਨ —ਜਿਸ ਦੇ ਵਾਸਤੇ ਅੱਜ ਕਲ੍ਹ ਹਰ ਇਕ ਘਰ ਵਿਚ ਜਵਾਨੀ ਤੇ ਬੁਢੇਪੇ ਵਿਚਕਾਰ ਆਮ ਤੌਰ ਤੇ ਖਿੱਚੋ-ਤਾਣ ਰਹਿੰਦੀ ਹੈ ਤੇ ਇਸ ਕਰ ਕੇ ਗ੍ਰਹਸਤ ਵਿਚੋਂ ਅਮਨ ਦੀ ਰੂਹ ਅਲੋਪ ਹੋ ਗਈ ਏ – ਪੂਰਾ ਪੂਰਾ ਅਮਲ ਵਿਚ ਆ ਰਿਹਾ ਸੀ। ਉਨ੍ਹਾਂ ਵਿੱਚੋਂ ਹਰ ਇਕ ਦਾ ਸਤਿਕਾਰ ਕੀਤਾ ਜਾਂਦਾ ਸੀ। ਪੁੱਤਰਾਂ ਨੂੰ ਇਹ ਹੱਕ ਨਹੀਂ ਸੀ ਦਿੱਤਾ ਗਿਆ ਕਿ ਉਹ ਵਧੀਆ-ਪਨ ਦੇ ਨਸ਼ੇ ਵਿਚ ਆ ਕੇ ਕਿਸੇ ਨਿੱਕੀ ਜਹੀ ਭੈਣ ਦਾ ਵੀ ਨਿਰਾਦਰ ਕਰੇ।

ਇਹ ਪਰਵਾਰ ਅਗਾਂਹ ਵਧੂ ਸਾਹਿਤ ਦਾ ਪ੍ਰੇਮੀ ਸੀ ਤੇ ਇਹੋ ਜਹੀ ਕੋਈ ਪੁਸਤਕ ਪੜ੍ਹਦਿਆਂ ਪੜ੍ਹਦਿਆਂ ਜਦੋਂ ਕਦੇ 'ਹੱਕਾਂ' ਉੱਤੇ ਗੱਲ ਬਾਤ ਛਿੜ ਪੈਂਦੀ ਤਾਂ ਬਹੁਤੀਆਂ ਧੀਆਂ ਵਾਲੇ ਇਹ ਪਿਤਾ ਜੀ ਸਾਫ਼ ਸਾਫ਼ ਲਫ਼ਜ਼ਾਂ ਵਿਚ ਔਰਤ ਤੇ ਮਰਦ ਦਾ ਸਾਂਵਾਂ-ਪਨ ਮੰਨ ਲੈਂਦੇ। ਇਸ ਤਰ੍ਹਾਂ ਉਨ੍ਹਾਂ ਸਿਆਣੀਆਂ ਧੀਆਂ ਵਿਚਕਾਰ ਜਿਥੇ ਸ੍ਵੈ-ਸਨਮਾਨ ਤੇ ਸ੍ਵੈ-ਸਤਿਕਾਰ ਦਾ ਜਜ਼ਬਾ ਵਧਦਾ ਗਿਆ ਉਥੇ ਨਾਲ ਹੀ ਆਲੇ-ਦੁਆਲੇ ਦੇ ਜੀਵਨ ਵਿਚ ਮਰਦ ਹੱਥੋਂ ਔਰਤ ਦਾ ਨਿਰਾਦਰ ਉਨ੍ਹਾਂ ਨੂੰ ਦੁਖਾਇ ਬਿਨਾਂ ਨਾ ਰਹਿੰਦਾ। ਉਨ੍ਹਾਂ ਦੀ ਆਪਣੀ ਮਜ਼ਲੂਮ-ਜਾਤੀ ਨਾਲ ਹਮਦਰਦੀ ਵਧਦੀ ਗਈ। ਹੈਂਕੜ ਭਰੇ ਮਰਦਾਂ ਦੇ ਵਿਰੁਧ ਬਗ਼ਾਵਤ ਵੀ ਉਨ੍ਹਾਂ ਦੇ ਦਿਲਾਂ ਵਿਚ ਪਕਣ ਲਗ ਪਈ।

'ਭੁਲ' ਦਾ ਅੰਸ਼, ਜਾਣੀਦਾ, ਮਾਨੁਸ਼ ਦੀ ਬਨਾਵਟ ਵਿਚ ਮੌਜੂਦ ਏ ਤੇ ਚੰਗੇ ਨਰੋਏ ਦਿਲ ਵਾਲਾ ਆਦਮੀ ਵੀ ਕਿਸੇ ਨਾ ਕਿਸੇ ਕਮਜ਼ੋਰੀ ਦਾ ਮਾਲਿਕ ਹੁੰਦਾ ਏ। ਇਹ ਸੱਜਣ ਸਨ ਇਕ ਸਰਕਾਰੀ ਅਫਸਰ, ਤੇ ਦਫ਼ਤਰੀ ਕਿਰਿਆ ਨੂੰ ਕਾਮਯਾਬੀ ਨਾਲ ਚਲਾਨ ਵਾਸਤੇ ਕੁਝ ਰੋਹਬ ਤੇ ਜ਼ਾਬਤਾ ਵੀ ਜ਼ਰੂਰੀ ਸਮਝਿਆ ਜਾਂਦਾ ਹੈ, ਇਸ ਵਾਸਤੇ ਕਦੇ ਕਦੇ ਘਰ ਵਿਚ ਵੀ ਰੋਹਬ-ਮੰਡਲ ਵਿਚ ਆ ਜਾਂਦੇ ਤੇ ਬਰਪਨ ਦੇ ਉਹੀ – ਮਰਦ ਦੇ ਵਧੀਆ-

LIBRARY, S...

ਪਨ ਦੇ – ਨਿੱਮੇ ਪੈ ਚੁਕੇ ਨਕਸ਼ ਫੇਰ ਉਘੜ ਆਂਵਦੇ। ਬਸ ਫੇਰ ਕੀ? ਹੱਕਾਂ ਦੀ ਤਕੜੀ ਦੇ ਸਾਵੇਂ ਪਲੜੇ ਝਟ ਉੱਚੇ-ਨੀਵੇਂ ਹੋ ਜਾਂਦੇ। ਸਿਆਣੀਆਂ ਧੀਆਂ ਦਾ ਪਿਤਾ-ਸਤਿਕਾਰ ਭਾਵੇਂ ਜ਼ਬਾਨਾਂ ਨੂੰ ਬੰਦ ਰਖਦਾ ਪਰ ਅੱਖੀਆਂ ਤੇ ਚਿਹਰੇ ਦੇ ਨਕਸ਼ ਦਿਲਾਂ ਵਿਚ ਉੱਠੀ ਗਿਲਾਨੀ ਨੂੰ ਅ-ਪ੍ਰਗਟ ਨਾ ਰਹਿਣ ਦੇਂਦੇ ਤੇ ਉਨ੍ਹਾਂ ਨੂੰ ਝਟ ਹੀ ਪਤਾ ਲਗ ਜਾਂਦਾ ਕਿ ਕਿਸੇ ਨਾ ਕਿਸੇ ਦੇ ਸ੍ਵੈ-ਸਤਿਕਾਰ ਨੂੰ ਜ਼ਰੂਰ ਠੁਕਰਾਇਆ ਗਿਆ ਹੈ।

ਨੌਕਰਾਂ ਨੂੰ ਛਡ ਕੇ, ਸੌ ਵਿਚੋਂ ਤ੍ਰੀਹ ਵਾਰੀ ਉਨ੍ਹਾਂ ਦੀ ਠੋਹਕਰ ਉਨ੍ਹਾਂ ਦੀ ਜੀਵਨ-ਸਾਥਣ ਦਾ ਸ੍ਵੈ ਸਤਿਕਾਰ ਉੱਤੇ ਹੀ ਹੋਇਆ ਕਰਦੀ ਸੀ। ਸਿਆਣੀਆਂ ਧੀਆਂ ਦੇ ਦਿਲਾਂ ਵਿਚ ਜਾਤੀ-ਪਖਪਾਤ ਇਸ ਕਦਰ ਜਾਗ ਚੁਕਾ ਸੀ ਕਿ ਇਹੋ ਜਿਹੀ ਦੁਰਘਟਨਾ ਨੂੰ ਉਹ ਸਿਰਫ ਪਿਤਾ ਦੀ ਮਾਂ ਉੱਤੇ ਵਧੀਕੀ ਨਹੀਂ ਸਗੋਂ ਮਰਦ-ਮਾਹਣੂ ਦੀ ਇਸਤ੍ਰੀ-ਜਾਤੀ ਉੱਤੇ ਜ਼ਿਆਦਤੀ ਸਮਝਦੀਆਂ ਤੇ ਬਹੁ-ਗਿਣਤੀ ਵਾਲੀਆਂ ਧੀਆਂ ਦੀ ਹਮਦਰਦੀ ਮਾਂ ਦੇ ਦੁਖਾਇ ਹੋਏ ਦਿਲ ਦੇ ਆਲੇ-ਦੁਆਲੇ ਜਮ੍ਹਾ ਹੋ ਜਾਂਦੀ।

ਉਹ ਜਦੋਂ ਸ਼ਾਮ ਵੇਲੇ ਕੰਮਾਂ ਕਾਜਾਂ ਤੋਂ ਵਾਪਸ ਘਰ ਆਂਵਦੇ, ਉਨ੍ਹਾਂ ਦੀ ਜੀਵਨ-ਸਾਥਣ ਉਨ੍ਹਾਂ ਦੇ ਬੂਟ ਝਾੜਦੀ, ਤਸਮੇ ਖੋਲ੍ਹ ਕੇ ਬੂਟ ਉਤਾਰਦੀ, ਪੈਰਾਂ ਨੂੰ ਘੁਟਦੀ ਮਲਦੀ ਹੋਈ ਜੁਰਾਬਾਂ ਲਾਂਹਦੀ, ਕੋਟ ਪਤਲੂਨ ਉਤਾਰਨ ਵਿਚ ਉਨ੍ਹਾਂ ਦੀ ਮਦਦ ਕਰਦੀ, ਤੌਲੀਆ ਫੜ, ਸਾਬਣ ਲਭ, ਚਿਲਮਚੀ ਰਖ, ਪਾਣੀ ਦੀ ਗੜਵੀ ਭਰ, ਵਿਚਾਰੀ ਨੂੰ ਹਥ ਪੈਰ ਜਹੇ ਪੈ ਜਾਂਦੇ। ਉਹ ਸਹਿਮੀ ਹੀ ਰਹਿੰਦੀ ਜਦੋਂ ਤੀਕ ਕਿ ਉਹ ਮੁਸਕਰਾਂਦੇ ਹੋਠਾਂ ਨਾਲ ਉਹਦੀ ਸੇਵਾ ਉੱਤੇ ਪਰਵਾਨਗੀ ਦੀ ਮੋਹਰ ਨਾ ਲਾ ਦੇਂਦੇ। ਇਹ ਸਾਰੀ ਸੇਵਾ ਉਸ ਨੇ ਘਰ ਵਿਚ ਦੋ ਨੌਕਰਾਂ ਦੇ ਹੁੰਦਿਆਂ ਸੁੰਦਿਆਂ ਆਪਣੇ ਵਾਸਤੇ ਚੁਣੀ ਹੋਈ ਸੀ,ਜਿਸ ਵਿਚ ਵਾਹ ਲਗਦੇ, ਉਹ ਕੋਈ ਨਾਗਾ ਨਾ ਹੋਣ ਦੇਂਦੀ। ਇਹੋ ਜਿਹੀ ਸੇਵਕ ਸੁਭਾ ਸੀ ਉਨ੍ਹਾਂ ਦੀ ਜੀਵਨ-ਸਾਥਣ।

ਇਕ ਵਾਰੀ ਬਾਹਰੋਂ ਕੰਮ ਤੋਂ ਵਾਪਸ ਆਏ ਤਾਂ ਰੋਜ਼ ਦੇ ਨੇਮ ਦੇ ਉਲਟ ਉਨ੍ਹਾਂ ਨੇ ਆਪਣੇ ਬੱਚਿਆਂ ਦੀ ਮਾਂ ਨੂੰ ਪਲੰਗ ਉੱਤੇ ਲੇਟਿਆਂ ਹੋਇਆਂ

ਵੇਖਿਆ । ਇਸ ਹਰਕਤ ਨੂੰ ਲਾਪਰਵਾਹੀ ਜਾਂ ਗੁਸਤਾਖ਼ੀ ਗਿਣ ਕੇ ਉਨ੍ਹਾਂ ਨੇ ਦਿਲ ਹੀ ਦਿਲ ਵਿਚ ਬੁਰਾ ਮਨਾਇਆ ਤੇ ਜਗਾ ਕੇ ਕੰਮ ਦੱਸਣ ਦੀ ਥਾਂ ਗੁੱਸੇ ਨਾਲ ਭਰੇ-ਪੀਤੇ ਸਾਰਾ ਕੰਮ ਆਪ ਹੀ ਕਰਨ ਲਗ ਪਏ । ਬੂਟਾਂ ਦੇ ਤਸਮੇ ਖੋਲ੍ਹੇ ਤਾਂ ਗੁਸੇ ਨਾਲ ਉਨ੍ਹਾਂ ਵਲ ਵੇਖਿਆ । ਸਲੀਪਰ ਅੰਦਰੋਂ ਚੁਕ ਕੇ ਲਿਆਏ ਤਾਂ ਕੋਲੋਂ ਲੰਘਦਿਆਂ ਪਲੰਗ ਨੂੰ ਘੂਰਿਆ । ਪਤਲੂਨ ਤੇ ਪਗ ਵੀ ਲਾਹ ਕੇ ਆਪ ਹੀ ਕਿੱਲੀ ਉਤੇ ਟੰਗੀ। ਮੂੰਹ ਹਥ ਧੋਣ ਵਿਚ ਨੌਕਰ ਦੀ ਸੇਵਾ ਲੈ ਲਈ ਤੇ ਇਹ ਸਭ ਕੁਝ ਕਰਦਿਆਂ ਹੋਇਆਂ ਉਨ੍ਹਾਂ ਜਿੰਨੀ ਵਾਰੀ ਵੀ ਪਲੰਗ ਵਲ ਵੇਖਿਆ, ਉਨ੍ਹਾਂ ਦੀਆਂ ਅੱਖੀਆਂ ਚੋਂ ਗੁਸਾ ਛਲਕ ਛਲਕ ਬਾਹਰ ਆ ਰਿਹਾ ਸੀ, ਜਾਣੀਦਾ ਉਨ੍ਹਾਂ ਨੇ ਜਿਤਨੇ ਵੀ ਕੰਮ ਕੀਤੇ ਸਨ, ਉਨ੍ਹਾਂ ਦੇ ਆਪਣੇ ਨਹੀਂ ਸਨ ਸਗੋਂ ਜੀਵਨ-ਸਾਥਣ ਦੇ ਸਨ ਤੇ ਬੜੇ ਔਖਿਆਂ ਹੋ ਕੇ ਕੀਤੇ ਸਨ। ਉਹ ਗੁਸੇ ਨਾਲ ਆਫ਼ਰੇ ਹੋਏ ਸਨ ਤੇ ਕੋਈ ਪੱਜ ਪਾ ਕੇ ਵਸ ਪੈਣਾ ਚਾਹੁੰਦੇ ਸਨ ।

ਫ਼ਾਰਸੀ ਵਿਚ ਅਖਾਣ ਹੈ "ਢੂੰਡਣ ਵਾਲੇ ਨੂੰ ਮਿਲ ਜਾਂਦਾ ਹੈ" ਉਨ੍ਹਾਂ ਨੂੰ ਵੀ ਕੋਈ ਨਾ ਕੋਈ ਪੱਜ ਮਿਲ ਗਿਆ ਤੇ ਗਜ ਕੇ ਵਸ ਪਏ । "ਕਿਸੇ ਨੂੰ ਮੇਰੀ ਪਰਵਾਹ ਹੀ ਨਹੀਂ ਭਰੇ ਹੋਏ ਘਰ ਵਿਚ ... ... ਤਸਮੇਂ ਵੀ ਮੈਂ ਆਪ ਖੋਲ੍ਹੇ ... ... ਬੂਟ ਵੀ ਮੈਂ ਆਪ ਲਾਹੇ ... ... ਪਗ ਵੀ ਮੈਂ ਆਪ ਕਿੱਲੀ ਤੇ ਟੰਗੀ ... ... ਜੁਰਾਬਾਂ ਵੀ ਮੈਂ ਆਪ ਲਾਹੀਆਂ, ਕੋਈ ਪਰਵਾਹ ਹੀ ਨਹੀਂ ਘਰ ਵਿਚ ਮਰਦ ਦੀ ... ... ਮੰਜੇ ਉਤੇ ਲੇਟਿਆਂ ਰਹਿਣਾ ਬੜੀ ਸ਼ਾਨ ਹੁੰਦੀ ਏ। ... ... ਪਤਾ ਈ ਨਹੀਂ ਕਿ ਮਰਦ ਬਾਹਰੋਂ ਥਕਿਆ ਟੁਟਿਆ ਆਇਆ ਏ ਇਹਨੂੰ ਪਾਣੀ ਧਾਣੀ ਵੀ ਪੁਛਣਾ ਏ ਕਿ ਨਹੀਂ ......?"

ਘਿਰੇ ਹੋਏ ਬਦਲਾਂ ਨੂੰ ਧੀਆਂ ਸ਼ਾਮ ਤੋਂ ਵੇਖ ਰਹੀਆਂ ਸਨ। ਹੁਣ ਜਦੋਂ ਮਾਂ ਉੱਤੇ ਵਰ੍ਹਦੀ ਹੋਈ ਬਰਖਾ ਦੀ ਵਾਛੜ ਕਦੇ ਕਦੇ ਉਨ੍ਹਾਂ ਉਤੇ ਵੀ ਪੈਣ ਲਗੀ ਤਾਂ ਸਾਵੇਂ-ਹੱਕਾਂ ਦੇ ਆਦਰਸ਼ ਦਾ ਰੇਤਲਾ ਮਹਿਲ ਖੁਰ ਖੁਰ ਕੇ ਪਧਰਾ ਹੋਂਦਾ ਉਨ੍ਹਾਂ ਨੂੰ ਮਹਿਸੂਸ ਹੋਇਆ। ਮਜ਼ਲੂਮ

ਮਾਂ ਵਾਸਤੇ ਉਨ੍ਹਾਂ ਦੀ ਹਮਦਰਦੀ ਦਾ ਜਜ਼ਬਾ ਉਮਡ ਆਇਆ ਤੇ ਮਰਦ ਦੇ ਵਧੀਆ-ਪਨ ਦੇ ਅਹਿਸਾਸ ਦੇ ਵਿਰੁਧ ਪਰਬਲ ਹੋਈ ਹੋਈ ਬਗ਼ਾਵਤ ਫੁਟ ਪੈਣ ਵਾਸਤੇ ਕਿਸੇ ਮੌਕੇ ਦੀ ਉਡੀਕ ਕਰਨ ਲਗੀ।

ਇਕ ਦਿਨ, ਜਦੋਂ ਸਾਰਾ ਪਰਵਾਰ ਜੁੜਿਆ ਬੈਠਾ ਸੀ ਤੇ ਇਹ ਅਫ਼ਸਰ ਪਿਤਾ ਜੀ ਸੁਧਾਰਕ ਰੌਂ (Mood) ਵਿਚ ਸਨ, ਤਾਂ 'ਹੱਕਾਂ' ਦੀ ਗਲ ਛਿੜ ਪਈ। ਧੀਆਂ ਵਿਚ ਚਾਰੇ ਪਾਸੋਂ ਘਿਰੇ ਹੋਏ ਪਿਤਾ ਨੇ ਇਕੋ ਜਿਹੇ ਹੱਕਾਂ ਦੀ ਹਾਮੀ ਭਰੀ ਪਰ ਬਾਕੀ ਭੈਣਾਂ ਦੀ ਲੀਡਰ – ਜਿਸ ਦੇ ਫ਼ੈਸਲਿਆਂ ਤੇ ਅਮਲਾਂ ਵਿਚ ਇਨਸਾਫ਼ ਤੇ ਸਿਆਣਪ ਨੇ ਉਹਨੂੰ ਲੀਡਰ ਬਣਾ ਦਿੱਤਾ ਸੀ – ਰਾਹੀਂ ਇਹ ਬਗ਼ਾਵਤ ਫੁਟ ਪਈ।

"......ਮੈਨੂੰ ਉਨ੍ਹਾਂ ਮਰਦਾਂ ਦੀ ਦੋ ਪਾਸੀ ਪਾਲਿਸੀ ਦੀ ਸਮਝ ਨਹੀਂ ਆਂਵਦੀ – ਸਟੇਜਾਂ ਉਤੇ ਸਾਵੇਂ ਹੱਕਾਂ ਦੇ ਨਾਹਰੇ ਮਾਰਨੇ, ਪਬਲਿਕ ਵਿਚ ਹਰ ਥਾਂ ਔਰਤ ਨੂੰ ਆਪਣੀ ਠੀਕ ਅਰਧੰਗੀ ਮੰਨਣਾ ਪਰ ਘਰਾਂ ਵਿਚ ਜ਼ਾਰ-ਸ਼ਾਹੀ ਮਚਾਹੀ ਰਖਣੀ। ਹਾਥੀ ਦੇ ਦੰਦ, ਦਿਖਾਣ ਵਾਲੇ ਹੋਰ ਤੇ ਖਾਣ ਵਾਲੇ ਹੋਰ। ... ... ਨੌਕਰਾਂ ਤੋਂ ਵੀ ਨਖਿਧ ਕੰਮ ਔਰਤਾਂ ਪਾਸੋਂ ਕਰਵਾਏ ਜਾਂਦੇ ਨੇ। ਬੂਟ ਉਤਾਰੇ ਤਾਂ ਔਰਤ, ਪੈਰ ਝਾੜੇ ਤਾਂ ਔਰਤ, ਪਗ ਵੀ ਕਿੱਲੀ ਉਤੇ ਟੰਗੇ ਤੇ ਔਰਤ, ਆਪਣੇ ਆਪ ਪਾਸੋਂ ਜੁਰਾਬਾਂ ਵੀ ਨਹੀਂ ਉਤਾਰੀਆਂ ਜਾਂਦੀਆਂ। ਫੇਰ ਵਾਧਾ ਇਹ ਕਿ ਇਹ ਮਰਦ-ਭਗਵਾਨ 'ਉਹਦਾ ਫ਼ਰਜ਼' ਤੇ 'ਆਪਣਾ ਹਕ' ਸਮਝ ਕੇ ਬਿਨਾਂ ਧੰਨਵਾਦ ਜਾਂ ਪ੍ਰਸੰਸਾ ਦੇ ਇਕ ਅੱਖਰ ਦੇ ਇਹ ਸਭ ਕੁਝ ਕਬੂਲਦੇ ਜਾਂਦੇ ਹਨ।......

"ਜੇ ਨਿਤ ਦਿਹਾੜੀ ਇਹ ਸਭ ਕੁਝ ਕਰਦੀ ਹੋਈ ਔਰਤ ਕਿਸੇ ਕਾਰਨ ਇਕ ਦਿਨ ਇਹ ਕੁਝ ਨਾ ਕਰ ਸਕੇ ਤਾਂ ਆਖ਼ਰ ਕਿਹੜੀ ਆ ਗਈ? ਜੇ ਉਹ ਮੰਜੇ ਉੱਤੇ ਲੇਟੀ ਹੋਈ ਹੁੰਦੀ ਹੈ ਤਾਂ ਇਹਦੇ ਕਈ ਕਾਰਨ ਹੋ ਸਕਦੇ ਹਨ। ਉਹਨੂੰ ਸਿਰ ਪੀੜ ਹੋ ਸਕਦੀ ਹੈ, ਉਹਨੂੰ ਬੁਖ਼ਾਰ ਹੋ ਸਕਦਾ ਹੈ, ਦਿਨ ਭਰ ਦੇ ਕੰਮ ਕਾਜ ਪਿਛੋਂ ਥੱਕੀ ਟੁਟੀ ਹੋਈ ਹੋ ਸਕਦੀ ਹੈ,ਆਖ਼ਰ ਹਡ ਮਾਸ ਦੀ ਹੀ ਬਣੀ ਹੋਈ ਹੈ ਕੋਈ ਲੋਹੇ ਦੀ ਅਣਥੱਕ ਮਸ਼ੀਨ ਤਾਂ ਨਹੀਂ,

ਪਰ ਖ਼ੁਦਾ-ਬਣਿਆ-ਹੋਇਆ-ਮਰਦ, ਬਜਾਇ ਇਸਦੇ ਕਿ ਉਹਦੇ ਮੰਜੇ ਕੋਲ ਜਾ ਕੇ ਉਹਦਾ ਹਾਲ ਪੁੱਛੇ ਤੇ ਲੇਟਣ ਦਾ ਕਾਰਨ ਜਾਣਨ ਦੀ ਹਮ-ਦਰਦੀ ਕਰੇ ਇਹੀ ਸਮਝਦਾ ਹੈ ਕਿ ਬਸ ਗ਼ਜ਼ਬ ਹੋ ਗਿਆ ਹੈ, ਹੱਤਕ ਹੋ ਗਈ ਹੈ, ਨੌਕਰਾਂ ਚਾਕਰਾਂ ਦੇ ਸਾਹਮਣੇ ਘਰ ਵਿਚ ਉੱਚਾ ਉੱਚਾ ਬੋਲਣਾ ਬੜੀ ਸ਼ਾਨ ਸਮਝੀ ਜਾਂਦੀ ਹੈ । ਧੀਆਂ ਪੁੱਤਰਾਂ ਦੇ ਸਾਹਮਣੇ ਉਹਦੀ ਬੇ-ਇੱਜ਼ਤੀ ਕਰ ਸਕਣੀ ਬੜੀ ਵਡਿਆਈ ਗਿਣੀ ਜਾਂਦੀ ਹੈ । ਭਲਾ ਜੇ ਇਕ ਦਿਨ ਬੂਟਾਂ ਦੇ ਤਸਮੇਂ ਆਪ ਖੋਹਲਣੇ ਪੈ ਗਏ, ਜਾਂ ਜਰਾਬਾਂ ਆਪੇ ਉਤਾਰਨੀਆਂ ਪੈ ਗਈਆਂ ਤਾਂ ਆਖ਼ਰ ਕਿਹੜੀ ਆ ਗਈ ? ਇਹ ਹੱਥ ਰੱਬ ਨੇ ਦਿੱਤੇ ਹੀ ਕਾਹਦੇ ਵਾਸਤੇ ਨੇ ? ... ... ... ... ”

ਇਨਸਾਫ ਦੀ ਸਟੇਜ ਉੱਤੇ ਖਲੋਤੀ ਹੋਈ ਧੀ ਬੋਲਦੀ ਜਾ ਰਹੀ ਸੀ ਤੇ ਪਿਤਾ ਜੀ ਸਿਰ ਸੁਟ ਕੇ ਸਭ ਕੁਝ ਸੁਣਦੇ ਜਾ ਰਹੇ ਸਨ ਕਟਹਿਰੇ ਵਿਚ ਖਲੋਤੇ ਮੁਲਜ਼ਮ ਵਾਂਗ ।

●

# ਚਿੰਨ੍ਹਾਂ ਉਹਲੇ ਲੁਕਿਆ ਕੂੜਾ

ਬਸ ਜੀ ਉਨ੍ਹਾਂ ਦੋਹਾਂ ਨੇ ਲਕੜ-ਮੰਡੀ ਦੇ ਸਾਰੇ ਦੁਕਾਨਦਾਰਾਂ ਨੂੰ ਛਿੱਥਾ ਪਾ ਕੇ ਰਖ ਦਿੱਤਾ। ਤਰਖਾਣ ਦੁਕਾਨਦਾਰ ਨੂੰ ਇਕਲਵਾਂਝੇ ਲਿਜਾ ਕੇ 'ਪੰਜ' ਮੰਗੇ ਗੱਡੀ-ਵਾਨ 'ਦੋ'। ਕਹਿਣ 'ਨਹੀਂ ਤਾਂ ਸੌਦਾ ਨਹੀਂ ਹੋਣ ਦੇਣਾ', ਵਿੱਚੋਂ ਚਾਲੀਆਂ ਪੰਜਤਾਲੀਆਂ ਦਾ ਸੌਦਾ, ਦੁਕਾਨਦਾਰ ਪੰਦਰਾਂ ਰੁਪਏ ਕਮਾਏ ਤਾਂ ਜਾ ਕੇ ਸਤ ਰੁਪਏ ਕਮਿਸ਼ਨ ਦੇਵੇ ਤੇ ਅਜ ਕਲ੍ਹ ਦੇ ਇਤਨੇ ਸਖ਼ਤ ਕੰਪੀ-ਟੀਸ਼ਨ ਦੇ ਦਿਨਾਂ ਵਿਚ ਲਕੜੀ ਇਤਨੀ ਗੁੰਜਾਇਸ਼ ਨਹੀਂ ਸੀ ਦੇ ਰਹੀ। ਉਹ ਹੱਟੀ ਹੱਟੀ ਫਿਰੇ। ਕੋਈ ਦੁਕਾਨ ਉਨ੍ਹਾਂ ਨੇ ਅਜਿਹੀ ਨਾ ਛੱਡੀ ਜਿਸ ਉੱਤੇ ਦੋ ਤ੍ਰੈ ਵਾਰੀ ਨਾ ਗਏ ਹੋਣ, ਪਰ ਨਾ ਕੋਈ ਦੁਕਾਨਦਾਰ ਉਨ੍ਹਾਂ ਦੀਆਂ ਸ਼ਰਤਾਂ ਮੰਨਦਾ, ਨਾ ਉਹ ਕਿਸੇ ਨਾਲ ਸੌਦਾ ਬਣਾਂਦੇ। ਕਿਸੇ ਮਾਲ ਵਿੱਚੋਂ ਕੁਝ ਨੁਕਸ ਕੱਢ ਦੇਂਦੇ, ਕਿਸੇ ਵਿੱਚੋਂ ਕੁਝ। ਖੰਡ-ਲਪੇਟੀ ਕੁਨੈਨ (Sugar coated Qunine) ਵਾਂਗ ਉਨ੍ਹਾਂ ਨੇ ਆਪਣੀ ਖ਼ੁਦ-ਗ਼ਰਜ਼ੀ ਨੂੰ ਉਹਦੀ ਹਮਦਰਦੀ ਵਿਚ ਇਸ ਸਿਆਣਪ ਨਾਲ ਗਲੇਫ ਕੇ ਰਖ ਦਿੱਤਾ ਸੀ ਕਿ ਭੋਲੇ ਭਾਲੇ ਗਾਹਕ ਨੂੰ ਕੁਝ ਸਮਝ ਹੀ ਨਹੀਂ ਸੀ ਆ ਰਹੀ। ਬੜੀ ਖ਼ੁਆਰੀ ਵੇਖੀ ਵਿਚਾਰੇ ਨੇ।

ਦੁਨੀਆ ਪਰੇ ਤੋਂ ਪਰੇ ਪਈ ਹੋਈ ਏ। ਹਰ ਰੰਗ ਦੇ ਨਹਿਲੇ ਵਾਸਤੇ ਦੁਨੀਆ ਦੀ ਤਾਸ਼ ਵਿਚ ਦਹਿਲਾ ਮੌਜੂਦ ਏ। ਇਹ ਤਰਖਾਣ ਤੇ ਗੱਡੀ-ਵਾਨ ਸਾਰੀ ਲਕੜ-ਮੰਡੀ ਨੂੰ ਠੁਠ ਵਿਖਾ ਜਾਣ ਤੇ ਕਿਸੇ ਦੇ ਵੀ ਕਾਬੂ ਨਾ ਆਵਣ ? ਇਕ ਉਸਤਾਦ ਕਿਸਮ ਦੇ ਮਹਾਸ਼ੇ ਜੀ ਨੂੰ ਇਹ ਗਲ ਕਿਥੇ ਮਨਜ਼ੂਰ ਸੀ ? ਇਨ੍ਹਾਂ ਹੱਟੀ ਉੱਤੇ ਆਇਆਂ ਨੂੰ ਉਹ ਬੜੇ ਖਿੜੇ-ਮੱਥੇ

ਜਾਣ ਤੇ ਜ਼ਿੰਦਗੀ ਦੀ ਤਮਾਸ਼ਾ-ਗਾਹ ਵਿਚ ਆਪਣੇ ਵਾਸਤੇ ਕੋਈ ਚੰਗੀ ਜਹੀ ਥਾਂ ਮੱਲ ਸਕਣ ਦੇ ਯੋਗ ਹੋ ਜਾਣ। ਗੱਲ ਕੀ ਹੱਕਾਂ ਦਾ ਉਹ ਸਾਵਾਂ-ਪਨ —ਜਿਸ ਦੇ ਵਾਸਤੇ ਅੱਜ ਕਲ੍ਹ ਹਰ ਇਕ ਘਰ ਵਿਚ ਜਵਾਨੀ ਤੇ ਬੁਢੇਪੇ ਵਿਚਕਾਰ ਆਮ ਤੌਰ ਤੇ ਖਿੱਚੋ-ਤਾਣ ਰਹਿੰਦੀ ਹੈ ਤੇ ਇਸ ਕਰ ਕੇ ਗ੍ਰਹਸਤ ਵਿਚੋਂ ਅਮਨ ਦੀ ਰੂਹ ਅਲੋਪ ਹੋ ਗਈ ਏ – ਪੂਰਾ ਪੂਰਾ ਅਮਲ ਵਿਚ ਆ ਰਿਹਾ ਸੀ। ਉਨ੍ਹਾਂ ਵਿੱਚੋਂ ਹਰ ਇਕ ਦਾ ਸਤਿਕਾਰ ਕੀਤਾ ਜਾਂਦਾ ਸੀ। ਪੁੱਤਰਾਂ ਨੂੰ ਇਹ ਹੱਕ ਨਹੀਂ ਸੀ ਦਿੱਤਾ ਗਿਆ ਕਿ ਉਹ ਵਧੀਆ-ਪਨ ਦੇ ਨਸ਼ੇ ਵਿਚ ਆ ਕੇ ਕਿਸੇ ਨਿੱਕੀ ਜਹੀ ਭੈਣ ਦਾ ਵੀ ਨਿਰਾਦਰ ਕਰੇ।

ਇਹ ਪਰਵਾਰ ਅਤਾਂਹ ਵਧੂ ਸਾਹਿਤ ਦਾ ਪ੍ਰੇਮੀ ਸੀ ਤੇ ਇਹੋ ਜਹੀ ਕੋਈ ਪੁਸਤਕ ਪੜ੍ਹਦਿਆਂ ਪੜ੍ਹਦਿਆਂ ਜਦੋਂ ਕਦੇ 'ਹੱਕਾਂ' ਉੱਤੇ ਗੱਲ ਬਾਤ ਛਿੜ ਪੈਂਦੀ ਤਾਂ ਬਹੁਤੀਆਂ ਧੀਆਂ ਵਾਲੇ ਇਹ ਪਿਤਾ ਜੀ ਸਾਫ਼ ਸਾਫ਼ ਲਫ਼ਜ਼ਾਂ ਵਿਚ ਔਰਤ ਤੇ ਮਰਦ ਦਾ ਸਾਂਵਾਂ-ਪਨ ਮੰਨ ਲੈਂਦੇ। ਇਸ ਤਰ੍ਹਾਂ ਉਨ੍ਹਾਂ ਸਿਆਣੀਆਂ ਧੀਆਂ ਵਿਚਕਾਰ ਜਿਥੇ ਸ੍ਵੈ-ਸਨਮਾਨ ਤੇ ਸ੍ਵੈ-ਸਤਿਕਾਰ ਦਾ ਜਜ਼ਬਾ ਵਧਦਾ ਗਿਆ ਉਥੇ ਨਾਲ ਹੀ ਆਲੇ-ਦੁਆਲੇ ਦੇ ਜੀਵਨ ਵਿਚ ਮਰਦ ਹੱਥੋਂ ਔਰਤ ਦਾ ਨਿਰਾਦਰ ਉਨ੍ਹਾਂ ਨੂੰ ਦੁਖਾਇ ਬਿਨਾਂ ਨਾ ਰਹਿੰਦਾ। ਉਨ੍ਹਾਂ ਦੀ ਆਪਣੀ ਮਜ਼ਲੂਮ-ਜਾਤੀ ਨਾਲ ਹਮਦਰਦੀ ਵਧਦੀ ਗਈ। ਹੈਂਕੜ ਭਰੇ ਮਰਦਾਂ ਦੇ ਵਿਰੁਧ ਬਗ਼ਾਵਤ ਵੀ ਉਨ੍ਹਾਂ ਦੇ ਦਿਲਾਂ ਵਿਚ ਪਕਣ ਲਗ ਪਈ।

'ਭੁਲ' ਦਾ ਅੰਸ਼, ਜਾਣੀਦਾ, ਮਾਨੁਸ਼ ਦੀ ਬਨਾਵਟ ਵਿਚ ਮੌਜੂਦ ਏ ਤੇ ਚੰਗੇ ਨਰੋਏ ਦਿਲ ਵਾਲਾ ਆਦਮੀ ਵੀ ਕਿਸੇ ਨਾ ਕਿਸੇ ਕਮਜ਼ੋਰੀ ਦਾ ਮਾਲਿਕ ਹੁੰਦਾ ਏ। ਇਹ ਸੱਜਣ ਸਨ ਇਕ ਸਰਕਾਰੀ ਅਫ਼ਸਰ, ਤੇ ਦਫ਼ਤਰੀ ਕਿਰਿਆ ਨੂੰ ਕਾਮਯਾਬੀ ਨਾਲ ਚਲਾਨ ਵਾਸਤੇ ਕੁਝ ਰੋਹਬ ਤੇ ਜ਼ਾਬਤਾ ਵੀ ਜ਼ਰੂਰੀ ਸਮਝਿਆ ਜਾਂਦਾ ਹੈ, ਇਸ ਵਾਸਤੇ ਕਦੇ ਕਦੇ ਘਰ ਵਿਚ ਵੀ ਰੋਹਬ-ਮੰਡਲ ਵਿਚ ਆ ਜਾਂਦੇ ਤੇ ਬਚਪਨ ਦੇ ਉਹੀ – ਮਰਦ ਦੇ ਵਧੀਆ-

...RY, SRI...

ਪਨ ਦੇ – ਨਿੰਮੇ ਪੈ ਚੁਕੇ ਨਕਸ਼ ਫੇਰ ਉਘੜ ਆਂਵਦੇ। ਬਸ ਫੇਰ ਕੀ ? ਹੱਕਾਂ ਦੀ ਤਕੜੀ ਦੇ ਸਾਵੇਂ ਪਲੜੇ ਝਟ ਉੱਚੇ-ਨੀਵੇਂ ਹੋ ਜਾਂਦੇ। ਸਿਆਣੀਆਂ ਧੀਆਂ ਦਾ ਪਿਤਾ-ਸਤਿਕਾਰ ਭਾਵੇਂ ਜ਼ਬਾਨਾਂ ਨੂੰ ਬੰਦ ਰਖਦਾ ਪਰ ਅੱਖੀਆਂ ਤੇ ਚਿਹਰੇ ਦੇ ਨਕਸ਼ ਦਿਲਾਂ ਵਿਚ ਉੱਠੀ ਗਿਲਾਨੀ ਨੂੰ ਅ-ਪ੍ਰਗਟ ਨਾ ਰਹਿਣ ਦੇਂਦੇ ਤੇ ਉਨ੍ਹਾਂ ਨੂੰ ਝਟ ਹੀ ਪਤਾ ਲਗ ਜਾਂਦਾ ਕਿ ਕਿਸੇ ਨਾ ਕਿਸੇ ਦੇ ਸ੍ਵੈ-ਸਤਿਕਾਰ ਨੂੰ ਜ਼ਰੂਰ ਠੁਕਰਾਇਆ ਗਿਆ ਹੈ।

ਨੌਕਰਾਂ ਨੂੰ ਛਡ ਕੇ, ਸੌ ਵਿਚੋਂ ਤ੍ਰੀਹ ਵਾਰੀ ਉਨ੍ਹਾਂ ਦੀ ਠੋਹਕਰ ਉਨ੍ਹਾਂ ਦੀ ਜੀਵਨ-ਸਾਥਣ ਦਾ ਸ੍ਵੈ ਸਤਿਕਾਰ ਉੱਤੇ ਹੀ ਹੋਇਆ ਕਰਦੀ ਸੀ। ਸਿਆਣੀਆਂ ਧੀਆਂ ਦੇ ਦਿਲਾਂ ਵਿਚ ਜਾਤੀ-ਪਖਪਾਤ ਇਸ ਕਦਰ ਜਾਗ ਚੁਕਾ ਸੀ ਕਿ ਇਹੋ ਜਿਹੀ ਦੁਰਘਟਨਾ ਨੂੰ ਉਹ ਸਿਰਫ ਪਿਤਾ ਦੀ ਮਾਂ ਉੱਤੇ ਵਧੀਕੀ ਨਹੀਂ ਸਗੋਂ ਮਰਦ-ਮਾਹਣੂ ਦੀ ਇਸਤ੍ਰੀ-ਜਾਤੀ ਉੱਤੇ ਜ਼ਿਆਦਤੀ ਸਮਝਦੀਆਂ ਤੇ ਬਹੁ-ਗਿਣਤੀ ਵਾਲੀਆਂ ਧੀਆਂ ਦੀ ਹਮਦਰਦੀ ਮਾਂ ਦੇ ਦੁਖਾਇ ਹੋਏ ਦਿਲ ਦੇ ਆਲੇ-ਦੁਆਲੇ ਜਮ੍ਹਾ ਹੋ ਜਾਂਦੀ।

ਉਹ ਜਦੋਂ ਸ਼ਾਮ ਵੇਲੇ ਕੰਮਾਂ ਕਾਜਾਂ ਤੋਂ ਵਾਪਸ ਘਰ ਆਂਵਦੇ, ਉਨ੍ਹਾਂ ਦੀ ਜੀਵਨ-ਸਾਥਣ ਉਨ੍ਹਾਂ ਦੇ ਬੂਟ ਝਾੜਦੀ, ਤਸਮੇ ਖੋਲ੍ਹ ਕੇ ਬੂਟ ਉਤਾਰਦੀ, ਪੈਰਾਂ ਨੂੰ ਘੁਟਦੀ ਮਲਦੀ ਹੋਈ ਜੁਰਾਬਾਂ ਲਾਂਹਦੀ, ਕੋਟ ਪਤਲੂਨ ਉਤਾਰਨ ਵਿਚ ਉਨ੍ਹਾਂ ਦੀ ਮਦਦ ਕਰਦੀ, ਤੌਲੀਆ ਫੜ, ਸਾਬਣ ਲਭ, ਚਿਲਮਚੀ ਰਖ, ਪਾਣੀ ਦੀ ਗੜਵੀ ਭਰ, ਵਿਚਾਰੀ ਨੂੰ ਹਥ ਪੈਰ ਜਹੇ ਪੈ ਜਾਂਦੇ। ਉਹ ਸਹਿਮੀ ਹੀ ਰਹਿੰਦੀ ਜਦੋਂ ਤੀਕ ਕਿ ਉਹ ਮੁਸਕਰਾਂਦੇ ਹੋਠਾਂ ਨਾਲ ਉਹਦੀ ਸੇਵਾ ਉੱਤੇ ਪਰਵਾਨਗੀ ਦੀ ਮੋਹਰ ਨਾ ਲਾ ਦੇਂਦੇ। ਇਹ ਸਾਰੀ ਸੇਵਾ ਉਸ ਨੇ ਘਰ ਵਿਚ ਦੋ ਨੌਕਰਾਂ ਦੇ ਹੁੰਦਿਆਂ ਸੁੰਦਿਆਂ ਆਪਣੇ ਵਾਸਤੇ ਚੁਣੀ ਹੋਈ ਸੀ, ਜਿਸ ਵਿਚ ਵਾਹ ਲਗਦੇ, ਉਹ ਕੋਈ ਨਾਗ਼ਾ ਨਾ ਹੋਣ ਦੇਂਦੀ। ਇਹੋ ਜਿਹੀ ਸੇਵਕ ਸੁਭਾ ਸੀ ਉਨ੍ਹਾਂ ਦੀ ਜੀਵਨ-ਸਾਥਣ।

ਇਕ ਵਾਰੀ ਬਾਹਰੋਂ ਕੰਮ ਤੋਂ ਵਾਪਸ ਆਏ ਤਾਂ ਰੋਜ਼ ਦੇ ਨੇਮ ਦੇ ਉਲਟ ਉਨ੍ਹਾਂ ਨੇ ਆਪਣੇ ਬੱਚਿਆਂ ਦੀ ਮਾਂ ਨੂੰ ਪਲੰਘ ਉੱਤੇ ਲੇਟਿਆਂ ਹੋਇਆਂ

ਵੇਖਿਆ । ਇਸ ਹਰਕਤ ਨੂੰ ਲਾਪਰਵਾਹੀ ਜਾਂ ਗੁਸਤਾਖ਼ੀ ਗਿਣ ਕੇ ਉਨ੍ਹਾਂ ਨੇ ਦਿਲ ਹੀ ਦਿਲ ਵਿਚ ਬੁਰਾ ਮਨਾਇਆ ਤੇ ਜਗਾ ਕੇ ਕੰਮ ਦੱਸਣ ਦੀ ਥਾਂ ਗੁੱਸੇ ਨਾਲ ਭਰੇ-ਪੀਤੇ ਸਾਰਾ ਕੰਮ ਆਪ ਹੀ ਕਰਨ ਲਗ ਪਏ। ਬੂਟਾਂ ਦੇ ਤਸਮੇ ਖੋਲ੍ਹੇ ਤਾਂ ਗੁਸੇ ਨਾਲ ਉਨ੍ਹਾਂ ਵਲ ਵੇਖਿਆ । ਸਲੀਪਰ ਅੰਦਰੋਂ ਚੁਕ ਕੇ ਲਿਆਇ ਤਾਂ ਕੋਲੋਂ ਲੰਘਦਿਆਂ ਪਲੰਘ ਨੂੰ ਘੂਰਿਆ। ਪਤਲੂਨ ਤੇ ਪਗ ਵੀ ਲਾਹ ਕੇ ਆਪ ਹੀ ਕਿੱਲੀ ਉਤੇ ਟੰਗੀ। ਮੂੰਹ ਹਥ ਧੋਣ ਵਿਚ ਨੌਕਰ ਦੀ ਸੇਵਾ ਲੈ ਲਈ ਤੇ ਇਹ ਸਭ ਕੁਝ ਕਰਦਿਆਂ ਹੋਇਆਂ ਉਨ੍ਹਾਂ ਜਿੰਨੀ ਵਾਰੀ ਵੀ ਪਲੰਘ ਵਲ ਵੇਖਿਆ, ਉਨ੍ਹਾਂ ਦੀਆਂ ਅੱਖੀਆਂ ਚੋਂ ਗੁਸਾ ਛਲਕ ਛਲਕ ਬਾਹਰ ਆ ਰਿਹਾ ਸੀ, ਜਾਣੀਦਾ ਉਨ੍ਹਾਂ ਨੇ ਜਿਤਨੇ ਵੀ ਕੰਮ ਕੀਤੇ ਸਨ, ਉਨ੍ਹਾਂ ਦੇ ਆਪਣੇ ਨਹੀਂ ਸਨ ਸਗੋਂ ਜੀਵਨ-ਸਾਥਣ ਦੇ ਸਨ ਤੇ ਬੜੇ ਔਖਿਆਂ ਹੋ ਕੇ ਕੀਤੇ ਸਨ। ਉਹ ਗ਼ੁਸੇ ਨਾਲ ਆਫ਼ਰੇ ਹੋਏ ਸਨ ਤੇ ਕੋਈ ਪੱਜ ਪਾ ਕੇ ਵਸ ਪੈਣਾ ਚਾਹੁੰਦੇ ਸਨ ।

ਫ਼ਾਰਸੀ ਵਿਚ ਅਖਾਣ ਹੈ "ਢੂੰਡਣ ਵਾਲੇ ਨੂੰ ਮਿਲ ਜਾਂਦਾ ਹੈ" ਉਨ੍ਹਾਂ ਨੂੰ ਵੀ ਕੋਈ ਨਾ ਕੋਈ ਪੱਜ ਮਿਲ ਗਿਆ ਤੇ ਗਜ ਕੇ ਵਸ ਪਏ । "ਕਿਸੇ ਨੂੰ ਮੇਰੀ ਪਰਵਾਹ ਹੀ ਨਹੀਂ ਭਰੇ ਹੋਏ ਘਰ ਵਿਚ ... ... ਤਸਮੇਂ ਵੀ ਮੈਂ ਆਪ ਖੋਲ੍ਹੇ ... ... ਬੂਟ ਵੀ ਮੈਂ ਆਪ ਲਾਹੇ ... ... ਪਗ ਵੀ ਮੈਂ ਆਪ ਕਿੱਲੀ ਤੇ ਟੰਗੀ ... ... ਜੁਰਾਬਾਂ ਵੀ ਮੈਂ ਆਪ ਲਾਹੀਆਂ, ਕੋਈ ਪਰਵਾਹ ਹੀ ਨਹੀਂ ਘਰ ਵਿਚ ਮਰਦ ਦੀ ... ... ਮੰਜੇ ਉਤੇ ਲੇਟਿਆਂ ਰਹਿਣਾ ਬੜੀ ਸ਼ਾਨ ਹੁੰਦੀ ਏ। ... ... ਪਤਾ ਈ ਨਹੀਂ ਕਿ ਮਰਦ ਬਾਹਰੋਂ ਥਕਿਆ ਟੁਟਿਆ ਆਇਆ ਏ ਇਹਨੂੰ ਪਾਣੀ ਧਾਣੀ ਵੀ ਪੁਛਣਾ ਏ ਕਿ ਨਹੀਂ ......?"

ਘਿਰੇ ਹੋਏ ਬਦਲਾਂ ਨੂੰ ਧੀਆਂ ਸ਼ਾਮ ਤੋਂ ਵੇਖ ਰਹੀਆਂ ਸਨ। ਹੁਣ ਜਦੋਂ ਮਾਂ ਉੱਤੇ ਵਰ੍ਹਦੀ ਹੋਈ ਬਰਖਾ ਦੀ ਵਾਛੜ ਕਦੇ ਕਦੇ ਉਨ੍ਹਾਂ ਉਤੇ ਵੀ ਪੈਣ ਲਗੀ ਤਾਂ ਸਾਵੇਂ-ਹੱਕਾਂ ਦੇ ਆਦਰਸ਼ ਦਾ ਰੇਤਲਾ ਮਹਿਲ ਖੁਰ ਖੁਰ ਕੇ ਪਧਰਾ ਹੋਂਦਾ ਉਨ੍ਹਾਂ ਨੂੰ ਮਹਿਸੂਸ ਹੋਇਆ। ਮਜ਼ਲੂਮ

ਮਾਂ ਵਾਸਤੇ ਉਨ੍ਹਾਂ ਦੀ ਹਮਦਰਦੀ ਦਾ ਜਜ਼ਬਾ ਉਮਡ ਆਇਆ ਤੇ ਮਰਦ ਦੇ ਵਧੀਆ-ਪਨ ਦੇ ਅਹਿਸਾਸ ਦੇ ਵਿਰੁਧ ਪਰਬਲ ਹੋਈ ਹੋਈ ਬਗ਼ਾਵਤ ਫੁਟ ਪੈਣ ਵਾਸਤੇ ਕਿਸੇ ਮੌਕੇ ਦੀ ਉਡੀਕ ਕਰਨ ਲਗੀ।

ਇਕ ਦਿਨ, ਜਦੋਂ ਸਾਰਾ ਪਰਵਾਰ ਜੁੜਿਆ ਬੈਠਾ ਸੀ ਤੇ ਇਹ ਅਫ਼ਸਰ ਪਿਤਾ ਜੀ ਸੁਧਾਰਕ ਰੌਂ (Mood) ਵਿਚ ਸਨ, ਤਾਂ 'ਹੱਕਾਂ' ਦੀ ਗਲ ਛਿੜ ਪਈ। ਧੀਆਂ ਵਿਚ ਚਾਰੇ ਪਾਸੇਂ ਘਿਰੇ ਹੋਏ ਪਿਤਾ ਨੇ ਇਕੋ ਜਿਹੇ ਹੱਕਾਂ ਦੀ ਹਾਮੀ ਭਰੀ ਪਰ ਬਾਗ਼ੀ ਭੈਣਾਂ ਦੀ ਲੀਡਰ – ਜਿਸ ਦੇ ਫ਼ੈਸਲਿਆਂ ਤੇ ਅਮਲਾਂ ਵਿਚ ਇਨਸਾਫ਼ ਤੇ ਸਿਆਣਪ ਨੇ ਉਹਨੂੰ ਲੀਡਰ ਬਣਾ ਦਿੱਤਾ ਸੀ – ਰਾਹੀਂ ਇਹ ਬਗ਼ਾਵਤ ਫੁਟ ਪਈ।

"......ਮੈਨੂੰ ਉਨ੍ਹਾਂ ਮਰਦਾਂ ਦੀ ਦੋ ਪਾਸੀ ਪਾਲਿਸੀ ਦੀ ਸਮਝ ਨਹੀਂ ਆਂਵਦੀ – ਸਟੇਜਾਂ ਉਤੇ ਸਾਵੇਂ ਹੱਕਾਂ ਦੇ ਨਾਹਰੇ ਮਾਰਨੇ, ਪਬਲਿਕ ਵਿਚ ਹਰ ਥਾਂ ਔਰਤ ਨੂੰ ਆਪਣੀ ਠੀਕ ਅਰਧੰਗੀ ਮੰਨਣਾ ਪਰ ਘਰਾਂ ਵਿਚ ਜ਼ਾਰ-ਸ਼ਾਹੀ ਮਚਾਹੀ ਰਖਣੀ। ਹਾਥੀ ਦੇ ਦੰਦ, ਦਿਖਾਣ ਵਾਲੇ ਹੋਰ ਤੇ ਖਾਣ ਵਾਲੇ ਹੋਰ। ... ... ਨੌਕਰਾਂ ਤੋਂ ਵੀ ਨਖਿਧ ਕੰਮ ਔਰਤਾਂ ਪਾਸੋਂ ਕਰਵਾਏ ਜਾਂਦੇ ਨੇ। ਬੂਟ ਉਤਾਰੇ ਤਾਂ ਔਰਤ, ਪੈਰ ਝਾੜੇ ਤਾਂ ਔਰਤ, ਪਗ ਵੀ ਕਿੱਲੀ ਉਤੇ ਟੰਗੇ ਤੇ ਔਰਤ, ਆਪਣੇ ਆਪ ਪਾਸੋਂ ਜੁਰਾਬਾਂ ਵੀ ਨਹੀਂ ਉਤਾਰੀਆਂ ਜਾਂਦੀਆਂ। ਫੇਰ ਵਾਧਾ ਇਹ ਕਿ ਇਹ ਮਰਦ-ਭਗਵਾਨ 'ਉਹਦਾ ਫ਼ਰਜ਼' ਤੇ 'ਆਪਣਾ ਹਕ' ਸਮਝ ਕੇ ਬਿਨਾਂ ਧੰਨਵਾਦ ਜਾਂ ਪ੍ਰਸੰਸਾ ਦੇ ਇਕ ਅੱਖਰ ਦੇ ਇਹ ਸਭ ਕੁਝ ਕਬੂਲਦੇ ਜਾਂਦੇ ਹਨ।......

"ਜੇ ਨਿਤ ਦਿਹਾੜੀ ਇਹ ਸਭ ਕੁਝ ਕਰਦੀ ਹੋਈ ਔਰਤ ਕਿਸੇ ਕਾਰਨ ਇਕ ਦਿਨ ਇਹ ਕੁਝ ਨਾ ਕਰ ਸਕੇ ਤਾਂ ਆਖ਼ਰ ਕਿਹੜੀ ਆ ਗਈ? ਜੇ ਉਹ ਮੰਜੇ ਉੱਤੇ ਲੇਟੀ ਹੋਈ ਹੁੰਦੀ ਹੈ ਤਾਂ ਇਹਦੇ ਕਈ ਕਾਰਨ ਹੋ ਸਕਦੇ ਹਨ। ਉਹਨੂੰ ਸਿਰ ਪੀੜ ਹੋ ਸਕਦੀ ਹੈ, ਉਹਨੂੰ ਬੁਖ਼ਾਰ ਹੋ ਸਕਦਾ ਹੈ, ਦਿਨ ਭਰ ਦੇ ਕੰਮ ਕਾਜ ਪਿਛੋਂ ਥੱਕੀ ਟੁਟੀ ਹੋਈ ਹੋ ਸਕਦੀ ਹੈ,ਆਖ਼ਰ ਹਡ ਮਾਸ ਦੀ ਹੀ ਬਣੀ ਹੋਈ ਹੈ ਕੋਈ ਲੋਹੇ ਦੀ ਅਣਥੱਕ ਮਸ਼ੀਨ ਤਾਂ ਨਹੀਂ,

ਪਰ ਖ਼ੁਦਾ-ਬਣਿਆ-ਹੋਇਆ-ਮਰਦ, ਬਜਾਇ ਇਸਦੇ ਕਿ ਉਹਦੇ ਮੰਜੇ ਕੋਲ ਜਾ ਕੇ ਉਹਦਾ ਹਾਲ ਪੁੱਛੇ ਤੇ ਲੇਟਣ ਦਾ ਕਾਰਨ ਜਾਣਨ ਦੀ ਹਮ-ਦਰਦੀ ਕਰੇ ਇਹੀ ਸਮਝਦਾ ਹੈ ਕਿ ਬਸ ਗ਼ਜ਼ਬ ਹੋ ਗਿਆ ਹੈ, ਹੱਤਕ ਹੋ ਗਈ ਹੈ, ਨੌਕਰਾਂ ਚਾਕਰਾਂ ਦੇ ਸਾਹਮਣੇ ਘਰ ਵਿਚ ਉੱਚਾ ਉੱਚਾ ਬੋਲਣਾ ਬੜੀ ਸ਼ਾਨ ਸਮਝੀ ਜਾਂਦੀ ਹੈ । ਧੀਆਂ ਪੁੱਤਰਾਂ ਦੇ ਸਾਹਮਣੇ ਉਹਦੀ ਬੇ-ਇੱਜ਼ਤੀ ਕਰ ਸਕਣੀ ਬੜੀ ਵਡਿਆਈ ਗਿਣੀ ਜਾਂਦੀ ਹੈ । ਭਲਾ ਜੇ ਇਕ ਦਿਨ ਬੂਟਾਂ ਦੇ ਤਸਮੇਂ ਆਪ ਖੋਹਲਣੇ ਪੈ ਗਏ, ਜਾਂ ਜਰਾਬਾਂ ਆਪੇ ਉਤਾਰਨੀਆਂ ਪੈ ਗਈਆਂ ਤਾਂ ਆਖ਼ਰ ਕਿਹੜੀ ਆ ਗਈ ? ਇਹ ਹੱਥ ਰੱਬ ਨੇ ਦਿੱਤੇ ਹੀ ਕਾਹਦੇ ਵਾਸਤੇ ਨੇ ? ... ... ... ... ”

ਇਨਸਾਫ਼ ਦੀ ਸਟੇਜ ਉੱਤੇ ਖਲੋਤੀ ਹੋਈ ਧੀ ਬੋਲਦੀ ਜਾ ਰਹੀ ਸੀ ਤੇ ਪਿਤਾ ਜੀ ਸਿਰ ਸੁਟ ਕੇ ਸਭ ਕੁਝ ਸੁਣਦੇ ਜਾ ਰਹੇ ਸਨ ਕਟਹਿਰੇ ਵਿਚ ਖਲੋਤੇ ਮੁਲਜ਼ਮ ਵਾਂਗ ।

●

# ਚਿੰਨ੍ਹਾਂ ਉਹਲੇ ਲੁਕਿਆ ਕੂੜਾ

ਬਸ ਜੀ ਉਨ੍ਹਾਂ ਦੋਹਾਂ ਨੇ ਲਕੜ-ਮੰਡੀ ਦੇ ਸਾਰੇ ਦੁਕਾਨਦਾਰਾਂ ਨੂੰ ਛਿੱਥਾ ਪਾ ਕੇ ਰਖ ਦਿੱਤਾ। ਤਰਖਾਣ ਦੁਕਾਨਦਾਰ ਨੂੰ ਇਕਲਵਾਂਝੇ ਲਿਜਾ ਕੇ 'ਪੰਜ' ਮੰਗੇ ਗੱਡੀ-ਵਾਣ 'ਦੋ'। ਕਹਿਣ 'ਨਹੀਂ ਤਾਂ ਸੌਦਾ ਨਹੀਂ ਹੋਣ ਦੇਣਾ', ਵਿੱਚੋਂ ਚਾਲੀਆਂ ਪੰਜਤਾਲੀਆਂ ਦਾ ਸੌਦਾ, ਦੁਕਾਨਦਾਰ ਪੰਦਰਾਂ ਰੁਪਏ ਕਮਾਏ ਤਾਂ ਜਾ ਕੇ ਸਤ ਰੁਪਏ ਕਮਿਸ਼ਨ ਦੇਵੇ ਤੇ ਅਜ ਕਲ੍ਹ ਦੇ ਇਤਨੇ ਸਖ਼ਤ ਕੰਪੀਟੀਸ਼ਨ ਦੇ ਦਿਨਾਂ ਵਿਚ ਲਕੜੀ ਇਤਨੀ ਗੁੰਜਾਇਸ਼ ਨਹੀਂ ਸੀ ਦੇ ਰਹੀ। ਉਹ ਹੱਟੀ ਹੱਟੀ ਫਿਰੇ। ਕੋਈ ਦੁਕਾਨ ਉਨ੍ਹਾਂ ਨੇ ਅਜਿਹੀ ਨਾ ਛੱਡੀ ਜਿਸ ਉੱਤੇ ਦੋ ਤ੍ਰੈ ਵਾਰੀ ਨਾ ਗਏ ਹੋਣ, ਪਰ ਨਾ ਕੋਈ ਦੁਕਾਨਦਾਰ ਉਨ੍ਹਾਂ ਦੀਆਂ ਸ਼ਰਤਾਂ ਮੰਨਦਾ, ਨਾ ਉਹ ਕਿਸੇ ਨਾਲ ਸੌਦਾ ਬਣਾਂਦੇ। ਕਿਸੇ ਮਾਲ ਵਿੱਚੋਂ ਕੁਝ ਨੁਕਸ ਕੱਢ ਦੇਂਦੇ, ਕਿਸੇ ਵਿੱਚੋਂ ਕੁਝ। ਖੰਡ-ਲਪੇਟੀ ਕੁਨੈਨ (Sugar coated Qunine) ਵਾਂਗ ਉਨ੍ਹਾਂ ਨੇ ਆਪਣੀ ਖ਼ੁਦ-ਗ਼ਰਜ਼ੀ ਨੂੰ ਉਹਦੀ ਹਮਦਰਦੀ ਵਿਚ ਇਸ ਸਿਆਣਪ ਨਾਲ ਗਲੇਫ਼ ਕੇ ਰਖ ਦਿੱਤਾ ਸੀ ਕਿ ਭੋਲੇ ਭਾਲੇ ਗਾਹਕ ਨੂੰ ਕੁਝ ਸਮਝ ਹੀ ਨਹੀਂ ਸੀ ਆ ਰਹੀ। ਬੜੀ ਖ਼ੁਆਰੀ ਦੇਖੀ ਵਿਚਾਰੇ ਨੇ।

ਦੁਨੀਆ ਪਰੇ ਤੋਂ ਪਰੇ ਪਈ ਹੋਈ ਏ। ਹਰ ਰੰਗ ਦੇ ਨਹਿਲੇ ਵਾਸਤੇ ਦੁਨੀਆ ਦੀ ਤਾਸ਼ ਵਿਚ ਦਹਿਲਾ ਮੌਜੂਦ ਏ। ਇਹ ਤਰਖਾਣ ਤੇ ਗੱਡੀ-ਵਾਨ ਸਾਰੀ ਲਕੜ-ਮੰਡੀ ਨੂੰ ਠੁਠ ਵਿਖਾ ਜਾਣ ਤੇ ਕਿਸੇ ਦੇ ਵੀ ਕਾਬੂ ਨਾ ਆਵਣ ? ਇਕ ਉਸਤਾਦ ਕਿਸਮ ਦੇ ਮਹਾਸ਼ੇ ਜੀ ਨੂੰ ਇਹ ਗਲ ਕਿਥੇ ਮਨਜ਼ੂਰ ਸੀ ? ਇਨ੍ਹਾਂ ਹੱਟੀ ਉੱਤੇ ਆਇਆਂ ਨੂੰ ਉਹ ਬੜੇ ਖਿੜੇ-ਮੱਥੇ

ਮਿਲੇ। ਇਸ਼ਾਰਿਆਂ ਵਿਚ ਹੀ ਇਨ੍ਹਾਂ ਨੂੰ ਸ਼ਰਤਾਂ ਪੇਸ਼ ਕੀਤੀਆਂ ਗਈਆਂ, ਇਸ਼ਾਰਿਆਂ ਵਿਚ ਹੀ ਮਨਜ਼ੂਰ ਵੀ ਹੋ ਗਈਆਂ। ਪਾਂਜਾ ਉਹਦਾ, ਜੋੜਾ ਉਹਦਾ ਅੱਖੀਆਂ ਨਾਲ ਹੀ ਤੈ ਹੋ ਗਿਆ ਤੇ ਮਹਾਸ਼ਾ ਹੁਰੀਂ ਲਕੜੀ ਵਿਖਾਣ ਲਗੇ ਪਏ।

"ਵੇਖਾਂ! ਸਵਾਦ ਆਇਆ ਨਾ ਮਾਲ ਲੈਣ ਦਾ, ਹੈ ਨਾ ਸ਼ਤੀਰੀ ਨੈਣ ਦੀ ਅੱਖ ਵਰਗੀ। ਨਾ ਕੋਈ ਗੰਢ ਨਾ ਤ੍ਰੇੜ। ਈਮਾਨ ਨਾਲ, ਮੇਰੀ ਤਾਂ ਤਬੀਅਤ ਖ਼ੁਸ਼ ਹੋ ਗਈ ਏ ਮਹਾਸ਼ੇ ਹੁਰਾਂ ਦਾ ਮਾਲ ਵੇਖ ਕੇ।" ਪਾਂਜੇ ਦੀ ਆਸ ਨਾਲ ਧੜਕਦਾ ਹੋਇਆ ਤਰਖਾਣ ਹਰ ਇਕ ਗੇਲੀ ਤੇ ਸ਼ਤੀਰੀ ਕੋਲ ਜਾ ਕੇ ਉਹਨੂੰ ਸਲਾਹ ਰਿਹਾ ਸੀ।

"ਤੇ ਹੈ ਵੀ ਬਿਲਕੁਲ ਸੁੱਕੀ। ਨਾ ਇਹਦੇ ਵਿਚ ਕੋਈ ਫਰਕ ਏ ਨਾ ਧੋਲ। ਦੂਜੀਆਂ ਹੱਟੀਆਂ ਵਾਲੇ ਤਾਂ ਮਿਸਤ੍ਰੀ ਜੀ! ਨਿਰੇ ਪਾਸਵਾਨ ਹੀ ਦਸਦੇ ਰਹੇ ਨੇ। ਨਿਰਾ ਬਾਲਣ-ਖਾਤਾ।" ਗੱਡੀਵਾਣ ਦੀਆਂ ਅੱਖੀਆਂ ਦੇ ਜੋੜੇ ਵਿਚ ਵੀ ਜੋੜੇ ਦੀ ਲਿਸ਼ਕ ਸੀ।

ਖ਼ੈਰ, ਮਾਲ ਪਸੰਦ ਕੀਤਾ ਗਿਆ। ਮੁਲ ਹੋ ਗਿਆ, ਪਰਚੀ ਬਣ ਗਈ, ਮੂਸ ਲਗ ਗਿਆ, ਪੈਸੇ ਦਿੱਤੇ ਗਏ ਤੇ ਆਖ਼ਰ ਗੱਡੇ ਉਪਰ ਲੱਦ ਵੀ ਦਿੱਤਾ ਗਿਆ। ਇਸ ਸਾਰੇ ਚਿਰ ਵਿਚ ਉਹ ਦੋਵੇਂ ਸ਼ਤੀਰੀਆਂ ਦੇ ਬੜੇ ਚਾਅ-ਮਲ੍ਹਾਰ ਲੈਂਦੇ ਰਹੇ ਤੇ ਮਹਾਸ਼ੇ ਹੁਰਾਂ ਦੀਆਂ ਵੀ ਸਿਫ਼ਤਾਂ ਕਰਦੇ ਰਹੇ।

ਹੁਣ ਜਦ ਕਿ ਮਾਲ ਲੱਦਿਆ ਜਾ ਚੁਕਾ ਸੀ, ਗੱਡੀਵਾਣ ਗੱਡਾ ਤੋਰਦਾ ਕਿਉਂ ਨਹੀਂ ਸੀ? ਗਾਹਕ ਹੈਰਾਨ ਹੋ ਰਿਹਾ ਸੀ। ਵਿਚਾਰੇ ਨੂੰ ਕੀ ਪਤਾ ਸੀ ਅਜੇ ਲਾਗੀਆਂ ਦੇ ਲਾਗ ਨਹੀਂ ਸੀ ਨਿਬੜੇ। ਤਰਖਾਨ ਤੇ ਗੱਡੀਵਾਨ ਮਹਾਸ਼ੇ ਹੁਰਾਂ ਨੂੰ ਇਸ਼ਾਰੇ ਕਰਨ ਤੇ ਮਹਾਸ਼ੇ ਹੁਰੀਂ ਅੱਗੋਂ ਗਲ ਹੀ ਨਾ ਗੌਲਣ। ਅੱਖੀਆਂ ਦੇ 'ਤਕਾਦੇ' ਨੂੰ ਜਦੋਂ ਅੱਖੀਆਂ ਵਲੋਂ 'ਕੋਰਾ ਜਵਾਬ' ਮਿਲ ਗਿਆ ਤਾਂ ਉਹ ਲੱਗੇ ਮਹਾਸ਼ੇ ਹੁਰਾਂ ਦੇ ਅੱਗੇ ਪਿੱਛੇ ਭੌਣ।

ਮਹਾਸ਼ੇ ਹੁਰਾਂ ਨੇ ਪਹਿਲਾਂ ਹੀ ਸਭ ਕੁਝ ਆਪਣੇ ਕਾਰਿੰਦਿਆਂ ਤੇ ਮਜ਼-ਦੂਰਾਂ ਨੂੰ ਸਮਝਾ ਦਿੱਤਾ ਹੋਇਆ ਸੀ। ਜਦੋਂ ਉਨ੍ਹਾਂ ਨੇ ਦੇਖਿਆ ਕਿ ਇਹ

ਦੋਵੇਂ ਭਲੇਮਾਣਸ ਐਵੇਂ ਨਹੀਂ ਟਲਦੇ ਤਾਂ ਇਨ੍ਹਾਂ ਨੇ ਕੋਈ ਇਸ਼ਾਰਾ ਜਿਹਾ ਕੀਤਾ। ਇਹ ਇਸ਼ਾਰਾ ਪਾ ਕੇ ਇਕ ਦੋ ਮਜ਼ਦੂਰਾਂ ਨੇ ਤਰਖਾਣ ਦੇ ਗਲ ਵਿਚ ਪੱਲਾ ਪਾ ਲਿਆ ਤੇ ਇਕ ਦੋਂਹ ਨੇ ਗੱਡੀਵਾਣ ਦੇ ਗਲ ਵਿਚ। ਇਹ ਵੇਖ ਕੇ ਹੈਰਾਨ ਹੋਏ ਹੋਏ ਗਾਹਕ ਨੂੰ ਮਹਾਸ਼ੇ ਹੋਰੀਂ ਕਹਿਣ ਲੱਗੇ।

"ਵੇਖ ਲਓ ਜੀ ਕਰਤੂਤ ਆਪਣੇ ਦੋਹਾਂ ਹਮਦਰਦਾਂ ਦੀ। ਪੰਜ ਰੁਪਈਏ ਇਕ ਮੰਗਦਾ ਜੇ ਤੇ ਦੋ ਰੁਪਈਏ ਦੂਜਾ। ਦੱਸੋ ਪਈ ਤੁਸੀ ਇਨ੍ਹਾਂ ਨੂੰ ਚੰਗਾ ਮਾਲ ਤੇ ਰਿਆਇਤ ਦਵਾਣ ਵਾਸਤੇ ਨਾਲ ਲਿਆਏ ਸੀ ਕਿ ਆਪਣਾ ਗਲਾ ਕਟਾਣ ਵਾਸਤੇ?" ਫੇਰ ਉਨ੍ਹਾਂ ਦੋਹਾਂ ਨੂੰ "ਤੇ ਮਿਸਤ੍ਰੀ ਜੀ! ਚਾਲੀਆਂ ਰੁਪਈਆਂ ਦੇ ਸੌਦੇ ਵਿਚ ਸੱਤ ਰੁਪਈਏ ਦਲਾਲੀ? ਕਿਹੜੀ ਕਿਤਾਬ ਵਿਚ ਲਿਖਿਆ ਹੋਇਆ ਏ? ਸਦਕਿਆਂ ਤੁਹਾਡੇ ਮੱਥੇ ਉਤੇ ਪਈਆਂ ਮਹਿਰਾਬਾਂ ਤੋਂ ... ..."

ਦੋਹਾਂ ਨੇ ਅਖੀਆਂ ਨੀਵੀਂਆਂ ਪਾ ਲਈਆਂ ਤੇ ਲੱਗੇ ਪੈਰਾਂ ਦੇ ਨਹੁੰਆਂ ਨਾਲ ਜ਼ਿਮੀ ਖਰੋਚਣ ਪਰ ਵਿਚ ਸਮਾ ਜਾਣ ਵਾਸਤੇ ਟੋਆ ਪੈਰਾਂ ਦੇ ਨਹੁੰਆਂ ਨਾਲ ਤਾਂ ਨਹੀਂ ਸੀ ਪੁਟਿਆ ਜਾ ਸਕਦਾ।

# ਪਾਸਕੂ ਵਾਲੀ ਧਰਮ-ਤੱਕੜੀ

ਇਕ ਚੰਗੀ ਧਾਰਮਕ ਸ਼ੁਹਰਤ ਰਖਣ ਵਾਲੇ ਬਜ਼ੁਰਗ ਸਰਦਾਰ ਜੀ ਨੂੰ ਇਕ ਦੋ ਰਾਤਾਂ ਇਕ ਨੌਜਵਾਨ ਸਿਖ ਦੇ ਘਰ ਕਟਣੀਆਂ ਪਈਆਂ। ਘਰ ਦੀ ਬੈਠਕ ਵਿਚ ਸਜੀਆਂ ਹੋਈਆਂ ਸੀਨਰੀਆਂ ਤੇ ਕੈਲੰਡਰਾਂ ਤੋਂ ਪਤਾ ਲਗਦਾ ਸੀ ਕਿ ਇਨ੍ਹਾਂ ਦੀ ਚੋਣ ਚਿਤ੍ਰਕਾਰੀ ਦੇ ਗੁਣ ਤੋਂ ਕੀਤੀ ਗਈ ਏ ਨਾਕਿ ਕਿਸੇ ਧਾਰਮਕ ਸ਼ਰਧਾ ਤੋਂ। ਇਨ੍ਹਾਂ ਵਿੱਚੋਂ ਹਰ ਇਕ ਤਸਵੀਰ ਚਿਤ੍ਰਕਾਰੀ ਦਾ ਇਕ ਚੰਗਾ ਨਮੂਨਾ ਸੀ।

ਸਵੇਰੇ ਬਜ਼ੁਰਗ ਜੀ ਨੂੰ ਬੈਠਕ ਵਿਚ ਬਿਠਾਇਆ ਗਿਆ ਤੇ ਨੌਜਵਾਨ ਨੌਕਰ ਨੂੰ ਚਾਹ ਦਾ ਸਾਮਾਨ ਲਿਆਵਣ ਲਈ ਕਹਿਣ ਵਾਸਤੇ ਚਲਾ ਗਿਆ। ਬੈਠਕ ਵਿਚ ਵਾਪਸ ਮੁੜਿਆ ਤਾਂ ਉਹਦੀ ਨਜ਼ਰ ਕੰਧ ਨਾਲ ਉਲਟੇ ਹੋਏ ਇਕ ਕੈਲੰਡਰ ਉੱਤੇ ਪਈ। ਉਸ ਨੇ ਜਾਤਾ ਕਿ ਸ਼ਾਇਦ ਹਵਾ ਦੇ ਕਿਸੇ ਤਿਰਖੇ ਜਹੇ ਬੁਲੇ ਦੀ ਸ਼ੋਖ਼ੀ ਨੇ ਇਸ ਨੂੰ ਉਲਟਾ ਦਿੱਤਾ ਹੈ, ਤੇ ਫੇਰ ਉਸ ਨੂੰ ਸਿੱਧਾ ਕਰ ਦਿੱਤਾ।

ਨੌਕਰ ਦੇ ਢਿਲ-ਮੱਠ ਕਰਨ ਤੇ ਇਕ ਵਾਰੀ ਫੇਰ ਉਹਨੂੰ ਰਸੋਈ ਵਲ ਜਾਣਾ ਪਿਆ। ਵਾਪਸ ਆਇਆ ਤਾਂ ਕੈਲੰਡਰ ਫੇਰ ਉਲਟਿਆ ਪਿਆ ਸੀ, ਪਹਿਲੇ ਵਾਂਗ, ਪਰ ਇਸ ਦਾ ਕਾਰਨ ਜਾਣਨ ਵਾਸਤੇ ਉਹਨੂੰ ਬਹੁਤੀ ਮਗਜ਼-ਪੱਚੀ ਨਾ ਕਰਨੀ ਪਈ, ਕਿਉਂਕਿ ਜਿਉਂ ਹੀ ਉਸ ਦੀਆਂ ਨਜ਼ਰਾਂ ਉਹਨਾਂ ਨਾਲ ਚਾਰ ਹੋਈਆਂ, ਉਸ ਨੇ ਜਾਣ ਲਿਆ ਕਿ ਕੈਲੰਡਰ ਦੇ ਘੜੀ ਮੁੜੀ ਉਲਟੇ ਜਾਣ ਦਾ ਕਾਰਨ ਹਵਾ ਦੇ ਕਿਸੇ ਬੁਲ੍ਹੇ ਦੀ ਸ਼ੋਖ਼-ਮਿਜ਼ਾਜੀ ਨਹੀਂ ਸੀ ਸਗੋਂ ਬਾਬਾ ਜੀ ਦੀ ਸਰਦ-ਮਿਜ਼ਾਜੀ ਸੀ।

"ਕਾਕਾ ਜੀ ! ਇਸ ਕੈਲੰਡਰ ਨੂੰ ਮੈਂ ਹੀ ਉਲਟਾਇਆ ਹੈ।" ਬਾਬਾ ਜੀ ਨੇ ਆਪਣੇ ਅਮਲ ਦੇ ਠੀਕ ਫ਼ੈਸਲੇ ਦੀ ਤਸੱਲੀ ਨਾਲ ਕਿਹਾ। "ਇਸ ਨੂੰ ਲਾਹ ਛਡੋ। ਇਹੋ ਜਿਹੇ ਕੈਲੰਡਰ ਗੁਰ ਸਿੱਖਾਂ ਦੇ ਘਰਾਂ ਵਿਚ ਚੰਗੇ ਨਹੀਂ ਲਗਦੇ।"

"ਮੈਨੂੰ ਤਾਂ ਸੀਨਰੀ ਬੜੀ ਹੀ ਚੰਗੀ ਲੱਗੀ ਸੀ।" ਨੌਜਵਾਨ ਮੇਜ਼ਬਾਨ ਨੇ ਬਜ਼ੁਰਗ ਮਹਿਮਾਨ ਜੀ ਦੀ ਉਮਰ ਨੂੰ ਸਤਕਾਰਦਿਆਂ ਹੋਇਆਂ, ਅੱਖੀਆਂ ਨੀਵੀਆਂ ਪਾ ਕੇ ਕਿਹਾ, "ਕੀ ਇਹ ਸੀਨਰੀ ਤੁਹਾਨੂੰ ਪਸੰਦ ਨਹੀਂ ?"

"ਸੀਨਰੀ ਤਾਂ ਬੇ-ਸ਼ੱਕ ਚੰਗੀ ਹੈ ਪਰ ਕੀ ਇਹ ਕੈਂਚੀ ਦੇ ਸਿਗਰਟਾਂ ਦੀ ਡੱਬੀ ਦੀ ਤਸਵੀਰ ਇਹਦੇ ਨਾਲ ਨਹੀਂ ? ਗੁਰਸਿੱਖਾਂ ਦੇ ਘਰ ਸਿਗਰਟਾਂ ਵਾਲੀਆਂ ਤਸਵੀਰਾਂ ? ਬੜੇ ਈ ਸ਼ਰਮ ਵਾਲੀ ਗਲ ਏ। ਵਾਹਿਗੁਰੂ ! ਵਾਹਿਗੁਰੂ !!" ਬਾਬਾ ਜੀ ਦਾ ਧਰਮ-ਜਜ਼ਬਾ ਜੋਸ਼ ਵਿਚ ਆ ਰਿਹਾ ਸੀ। "ਬੈਠਕ ਤੋਂ ਤਾਂ ਇਹ ਘਰ ਇਕ ਸਿੱਖ ਦਾ ਘਰ ਜਾਪਦਾ ਈ ਨਹੀਂ। ਖ਼ਬਰ ਨਹੀਂ ਅਜ ਕਲ ਦੇ ਨੌਜਵਾਨ ਸਿਖਾਂ ਨੂੰ ਕੀ ਹੋਂਦਾ ਜਾਂਦਾ ਏ ? ਮੇਰਾ ਤਾਂ ਦਿਲ ਸੜ ਗਿਆ ਏ ਇਕ ਸਿਖ ਦੀ ਬੈਠਕ ਵਿਚ ਸਿਗਰਟਾਂ ਦੇ ਕਲੰਡਰ ਵੇਖ ਕੇ ... ... ..."

"ਪਰ ਜੀ ! ਜੇ ਇਹ ਤਸਵੀਰ ਤੁਹਾਨੂੰ ਚੰਗੀ ਨਹੀਂ ਲੱਗੀ ਤੇ ਇਸ ਉੱਤੇ ਇਤਰਾਜ਼ ਕਰਨਾ ਤੁਸਾਂ ਵਾਜਬ ਸਮਝਿਆ ਹੈ ਤਾਂ ਇਹਦੇ ਨਾਲ ਵਾਲਾ ਕੈਲੰਡਰ ਤੁਸਾਂ ਨੂੰ ਮਾੜਾ ਕਿਉਂ ਨਹੀਂ ਲੱਗਾ ?" ਨੌਜਵਾਨ ਨੇ ਉਸ ਤਸ-ਵੀਰ ਦੇ ਨਾਲ ਕਰ ਕੇ ਲੱਗੇ ਹੋਏ ਇਕ ਕੈਲੰਡਰ ਵਲ ਇਸ਼ਾਰਾ ਕੀਤਾ। ਇਹ ਕੈਲੰਡਰ ਦਾਦਾ ਭਾਈ ਦੀ ਦੁਕਾਨ ਤੋਂ ਲਿਆਂਦਾ ਗਿਆ ਸੀ ਜਿਸ ਦੇ ਵਿਚ ਇਕ ਬੜੀ ਸੁਹਣੀ ਸੀਨਰੀ ਦੇ ਨਾਲ ਜਾਨੀ ਵਾਕਰ (Johnie Walker ਦਾ ਇਸ਼ਤਿਹਾਰ ਦਿੱਤਾ ਹੋਇਆ ਸੀ। "ਹਾਲਾਂ ਕਿ ਅਖ਼ਲਾਕੀ ਲਿਹਾਜ਼ ਨਾਲ ਸ਼ਰਾਬ ਪੀਣੀ ਸਿਗਰਟ ਪੀਣ ਨਾਲੋਂ ਵੀ ਮਾੜੀ ਏ।"

"ਨਹੀਂ ਇਹ ਗਲ ਗ਼ਲਤ ਏ। ਜੇ ਇਹ ਗਲ ਠੀਕ ਹੁੰਦੀ ਤਾਂ ਗੁਰੂ ਸਾਹਬ ਸ਼ਰਾਬ ਪੀਣ ਨੂੰ ਵੀ ਕੁਰਹਿਤ ਕਹਿ ਕੇ ਵਰਜਤ ਕਰ ਜਾਂਦੇ।

ਗੁਰਸਿੱਖੀ ਵਿਚ ਤਮਾਕੂ ਪੀਣਾ ਹੀ ਵਡੀਆਂ ਕੁਰਹਿਤਾਂ ਵਿਚੋਂ ਹੈ ਸ਼ਰਾਬ ਪੀਣਾ ਨਹੀਂ।"

ਨੌਜਵਾਨ ਬਾਬਾ ਜੀ ਦੀ ਇਸ ਜਜ਼ਬਾਤੀ ਦਲੀਲ ਦੀ ਸਚਾਈ ਉੱਤੇ ਗ਼ੌਰ ਕਰ ਰਿਹਾ ਸੀ ਕਿ ਨੌਕਰ ਨੇ ਚਾਹ ਲਿਆ ਕੇ ਤਿਪਾਈ ਉਤੇ ਰੱਖ ਦਿੱਤੀ ਪਰ ਬਦ-ਬਖ਼ਤੀ ਨੂੰ ਚੀਨੀ-ਦਾਨ ਵਿਚ ਚੀਨੀ ਪਾਣੀ ਭੁਲ ਗਿਆ ਤੇ ਜਦੋਂ ਉਸ ਨੂੰ ਆਪਣੀ ਗ਼ਲਤੀ ਦਾ ਪਤਾ ਲੱਗਾ ਤਾਂ ਉਹ ਭੱਜਾ ਭੱਜਾ ਰਸੋਈ ਵਿਚ ਗਿਆ ਤੇ ਚੀਨੀ ਵਾਲਾ ਡੱਬਾ ਹੀ ਫੜ ਲਿਆਇਆ।

ਡੱਬੇ ਵਲ ਬਾਬਾ ਜੀ ਨੇ ਘੂਰ ਕੇ ਵੇਖਿਆ, ਚਿਹਰਾ ਲਾਲ ਹੋ ਗਿਆ, ਤੌਰ ਬਦਲ ਗਏ, ਜੁੱਸਾ ਗੁੱਸੇ ਨਾਲ ਕੰਬਣ ਲਗ ਪਿਆ ਤੇ ਉਹ ਕੁਰਸੀ ਉਤੋਂ ਉਠ ਖੜੇ ਹੋਏ।

"ਇਸ ਘਰ ਵਿਚ ਚਾਹ ਪੀਣਾ ਕਿਸੇ ਗੁਰ-ਸਿੱਖ ਦਾ ਧਰਮ ਨਹੀਂ। ਬੜੇ ਹੀ ਸ਼ਰਮ ਵਾਲੀ ਗਲ ਏ ਸਿੱਖਾਂ ਦੇ ਘਰਾਂ ਵਿਚ ਇਹ ਡੱਬੇ! ਸ਼ਰਮ ਚਾਹੀਦੀ ਏ ਸ਼ਰਮ ... ... ਵਾਹਿਗੁਰੂ ! ਵਾਹਿਗੁਰੂ !!"

ਉਨ੍ਹਾਂ ਨੂੰ ਮਹਿਮਾਨ ਦੇ ਮੇਜ਼ਬਾਨ ਵਲ ਫ਼ਰਜ਼ ਵੀ ਭੁਲ ਗਏ ਤੇ ਸਤਿ ਸ੍ਰੀ ਅਕਾਲ ਵੀ ਬੁਲਾਏ ਬਿਨਾਂ ਉਹ ਪਉੜੀਓਂ ਉਤਰ ਗਏ।

ਇਹ ਡੱਬਾ ਪਾਸਿੰਗ ਸ਼ੋ ਵਾਲਾ ਸੀ ਜਿਸ ਨੂੰ ਧੋ ਧਾ ਸਾਫ਼ ਕਰ ਕੇ ਘਰ ਵਿਚ ਚੀਨੀ ਪਾਣ ਵਾਸਤੇ ਵਰਤਿਆ ਜਾ ਰਿਹਾ ਸੀ।

●

# ਅਫ਼ਸੋਸ ? ... ... ਉਹ ਕਿਤੇਂ ?

ਉਮਰ 'ਚਾਚਾ ਜੀ' ਦੀ ਜੇ ਸੱਠਾਂ ਤੋਂ ਵਧੀਕ ਨਹੀਂ ਸੀ ਤਾਂ ਘਟ ਵੀ ਕਿਸੇ ਤਰ੍ਹਾਂ ਨਹੀਂ ਹੋਣੀ। ਕਿਸੇ ਸਰਕਾਰੀ ਨੌਕਰੀ ਤੋਂ ਪੈਨਸ਼ਨ ਪਾ ਕੇ ਆਏ ਸਨ। ਨੌਕਰੀ ਵੇਲੇ ਜ਼ਿੰਦਗੀ ਦਾ ਮਇਆਰ ਘਟੀਆ ਜਿਹਾ ਰੱਖਣ ਕਰ ਕੇ ਉਨ੍ਹਾਂ ਨੇ ਭਾਵੇਂ ਕਾਫ਼ੀ ਕੁਝ ਜੋੜ-ਜਾੜ ਕੇ ਰਖਿਆ ਹੋਇਆ ਸੀ ਪਰ ਸੰਤਾਨ ਦੀ ਖੁਸ਼ੀ ਤੋਂ ਉਹ ਵਾਂਜੇ ਸਨ। ਇਹ ਘਾਟ ਭਾਵੇਂ ਜੋੜੇ ਦੀ ਹੀ ਚਿੰਤਾ ਬਣੀ ਹੋਈ ਸੀ ਪਰ ਉਨ੍ਹਾਂ ਦੀ ਜੀਵਨ-ਸਾਥਣ ਦੀ ਸਿਹਤ ਉੱਤੇ ਇਸ ਦਾ ਅਸਰ ਖ਼ਾਸ ਤੌਰ ਤੇ ਮਾੜਾ ਹੋਇਆ। ਆਸ ਦਾ ਸਿਤਾਰਾ ਅੱਖੀਆਂ ਤੋਂ ਉਹਲੇ ਹੋਣ ਦੀ ਦੇਰ ਸੀ ਕਿ ਸਰੀਰ ਆਸਰੇ ਤੇ ਠੁਮ੍ਹਣੇ ਲੋੜਨ ਲੱਗਾ ਤੇ ਆਖ਼ਰ ਪੰਜਾਹ ਕੁ ਸਾਲ ਦੀ ਉਮਰ ਵਿਚ ਹੀ, ਸਦਾ ਲਈ ਨਾ ਉੱਠਣ ਵਾਸਤੇ ਮੰਜੇ ਉੱਤੇ ਪੈ ਗਿਆ।

ਪੈਨਸ਼ਨੀ ਸੱਜਣ ਜੀ ਦੇ ਮਨ ਵਿਚ ਕੋਈ ਹੋਰ ਆਸ ਜਾਗ ਪਈ ਜਿਸ ਕਰ ਕੇ ਉਹ ਉਨ੍ਹਾਂ ਦੀ ਸਿਹਤ ਵਲ ਘਟ ਧਿਆਨ ਦੇਣ ਲਗ ਪਏ। ਦਿਖਾਵੇ ਦਾ ਦਾਰੂ ਦਰਮਲ ਤੇ ਜ਼ਗਤ ਮੁਲਾਹਜ਼ੇ ਦੀ ਦੇਖ-ਭਾਲ ਹੋਣ ਲੱਗੀ ਇਸ ਤਰ੍ਹਾਂ ਲਿੱਸੀ ਜਾਨ ਦਿਨੋ ਦਿਨ ਲਿਸੇਰੀ ਹੁੰਦੀ ਜਾਣ ਲਗੀ।

ਹੋਠਾਂ ਤੇ ਕੰਨਾਂ ਵਿਚਕਾਰ ਘੋਰ-ਮਸੋਰੇ ਵੀ ਹੋਣ ਲਗ ਪਏ। ਭਤੀਜੇ ਨੇ ਵੀ ਕਿਤੋਂ ਉਡਦੀ ਉਡਦੀ ਸੁਣੀ ਤਾਂ ਸਹੀ, ਪਰ ਦਿਲ ਨਾ ਮੰਨ ਸਕਿਆ ਕਿ ਇਹ ਗਲ ਠੀਕ ਹੋ ਸਕਦੀ ਹੈ। ਸੋ ਉਹਦੀ ਘਰ ਤੋਂ ਦੋ ਚਾਰ ਦਿਨਾਂ ਦੀ ਗ਼ੈਰ-ਹਾਜ਼ਰੀ ਪਿੱਛੋਂ ਜਦੋਂ ਇਕ ਦਿਨ ਚਾਚਾ ਜੀ ਉਹਨੂੰ ਮਿਲੇ ਤਾਂ ਕਾਰਨ ਪੁਛਿਆ। ਦੱਸਣ ਤੇ ਕਹਿਣ ਲੱਗੇ, "ਕਿਤੇ ਬਾਹਰ ਜਾਂਦੇ ਹੁੰਦੇ

ਹੋ ਤਾਂ ਦਸ ਕੇ ਤਾਂ ਜਾਇਆ ਕਰੋ, ਕੋਈ ਕੰਮ ਕਾਜ ਹੀ ਹੁੰਦਾ ਏ।"

ਭਤੀਜੇ ਨੂੰ ਆਪਣੇ ਦਿਲ ਦਾ ਭਰਮ ਦੂਰ ਕਰਨ ਦਾ ਮੌਕਾ ਹੱਥ ਆ ਗਿਆ ਤੇ ਜਵਾਬ ਵਿਚ ਕਹਿ ਦਿੱਤਾ, "ਜੇ ਮੈਨੂੰ ਪਤਾ ਹੁੰਦਾ ਕਿ ਮੈਂ ਤੁਹਾਡੀ ਕੋਈ ਸੇਵਾ ਕਰ ਸਕਦਾ ਹਾਂ ਤਾਂ ਜ਼ਰੂਰ ਤੁਹਾਨੂੰ ਪਤਾ ਦੇ ਕੇ ਜਾਂਦਾ। ਤੁਸੀ ਕੋਈ ਸੇਵਾ ਦੱਸੋ, ਮੈਂ ਹੁਣ ਵੀ ਹਰ ਤਰ੍ਹਾਂ ਹਾਜ਼ਰ ਹਾਂ।"

ਇਹ ਗੱਲ ਸੁਣ ਕੇ ਉਨ੍ਹਾਂ ਨੇ ਗਲੀ ਦੇ ਦੋਹੀਂ ਪਾਸੀਂ ਇਕ ਨਜ਼ਰ ਦੁੜਾਈ। ਕੋਈ ਨੇੜੇ ਆਂਵਦਾ ਨਾ ਵੇਖ ਕੇ ਉਹਦੇ ਹੋਰ ਵੀ ਨੇੜੇ ਹੋ ਗਏ ਤੇ ਹੌਲੀ ਹੌਲੀ ਕਹਿਣ ਲੱਗੇ, "ਵੇਖੇਂ ਨਾ ਭਤਰੀਆ! ਇਹ ਤਾਂ ਤੈਨੂੰ ਪਤਾ ਈ ਏ ਕਿ ਤੇਰੀ ਚਾਚੀ ਦੇ ਬਚਣ ਦੀ ਹੁਣ ਕੋਈ ਆਸ ਨਹੀਂ। ਡਾਕਟਰਾਂ ਵੀ ਜਵਾਬ ਦੇ ਦਿੱਤੇ ਨੇ। ਲਹੌਰਾਂ ਤੋੜੀ ਵੀ ਵਾਹ ਲਾ ਬੈਠਾ ਹਾਂ, ਪਰ ਕੋਈ ਪੇਸ਼ ਨਹੀਂ ਗਈ। ਹੁਣ ਇਹਨੂੰ ਅੰਨ ਦਾ ਭੋਰਾ ਖਾਧਿਆਂ ਵੀ ਕਿਤਨੇ ਹੀ ਦਿਨ ਹੋ ਗਏ ਨੇ। ਖ਼ਬਰੇ ਕਿਹੜੇ ਜਨਮਾਂ ਦੇ ਕਰਮਾਂ ਬਦਲੇ ਇਹ ਤਸੀਹੇ ਪਈ ਭੋਗਦੀ ਹੈ? ਵਿਚਾਰੀ ਦੀ ਜਾਨ ਵੀ ਨਹੀਂ ਨਿਕਲਦੀ। ਹੁਣ ਤੇ ਮੈਂ ਵੀ ਹਥ ਜੋੜਦਾ ਹਾਂ ਕਿ ਪਰਮਾਤਮਾ ਇਹਦੀ ਬੰਦ ਖ਼ੁਲਾਸ ਕਰਾਏ। ਲਾਲੇ ਮੇਰਾ ਵੀ ਧਿਆਨ ਕਿਸੇ ਪਾਸੇ ਹੋਵੇ ... ... ... ..."

ਫੋਕੀ ਜਹੀ ਹਮਦਰਦੀ ਬਾਅਦ ਹੁਣ ਉਹ ਆਪਣੇ ਮਤਲਬ ਵਲ ਆ ਰਹੇ ਸਨ ਉਨ੍ਹਾਂ ਦੀਆਂ ਅੱਖਾਂ ਵਿਚ ਡਲ੍ਹਕੇ ਹੋਏ ਅਥਰੂ ਫ਼ਿਲਮ ਵਿਚ ਕੋਈ ਦੁਖਾਂਤ ਐਕਟ ਕਰ ਰਹੀ ਕਿਸੇ ਐਕਟਰੈਸ ਨਾਲੋਂ ਵਧੇਰੇ ਅਸਲੀ ਨਹੀਂ ਸਨ। ਭਤੀਜਾ ਇਹ ਸਭ ਕੁਝ ਵੇਖ ਰਿਹਾ ਸੀ।

"... ... ... ਤੇ ਭਤਰੀਆ! ਇਸ ਬੁੱਢੀ ਉਮਰੇ ਜੇ ਮੇਰੇ ਨਾਲ ਕੋਈ ਚੰਗੀ ਮੰਦੀ ਹੋ ਜਾਏ ਤਾਂ, ਤੂੰ ਈ ਦਸ, ਮੇਰੀ ਦੇਖ ਭਾਲ ਕਰਨ ਵਾਲਾ ਹੋਰ ਕੌਣ ਏ? ਨਾ ਧੀ ਨਾ ਪੁੱਤਰ। ਭਰਾਵਾਂ ਭਰਜਾਈਆਂ ਨੇ ਮੇਰੀ ਚੰਗੇ ਭਲੇ ਦੀ ਕਦੇ ਸੁਰਤ ਨਹੀਂ ਲਈ, ਔਖ ਸੌਖ ਵੇਲੇ ਉਨ੍ਹਾਂ ਕਦੋਂ ਮੇਰੀ ਮੁਹਾਠ ਉਲੰਘੀ? ਸੋ ਮੇਰਾ ਖ਼ਿਆਲ ਹੈ ਕਿ ਇਸ ਵਿਚਾਰੀ ਤੇਰੀ ਚਾਚੀ ਦੀ ਬੰਦ ਖ਼ਲਾਸ ਹੋਵੇ ਤੇ ਮੈਂ ਵੀ ਕਿਸੇ ਪਾਸੇ ਦੌੜ-ਭਜ ਕਰਨ ਵਾਲਾ ਬਣਾਂ। ਤੂੰ

ਜਾਨਣੈਂ ਅਸ਼ਕਰ ਟਿੱਕੀ ਗਰਮ ਕਰ ਕੇ ਦੇਣ ਵਾਲਾ ਵੀ ਤਾਂ ਕੋਈ ਹੋਣਾ ਚਾਹੀਦਾ ਏ ਨਾ। ਤੂੰ ਸ਼ਹਿਰਾਂ ਵਿਚ ਆਂਵਦਾ ਜਾਂਦਾ ਈ ਰਹਿਨਾਂ ਏਂ ਤੇ ਕੋਈ ਪਤਾ ਨੀਵਾਂ ਕਢ ਕੇ ਮੇਰੀ ਬੜੀ ਮੱਦਦ ਕਰ ਸਕਨੈਂ ... ... ... ਕਿਸੇ ਆਸ਼ਰਮ ਵਿੱਚੋਂ ਈ ਸਹੀ।"

ਜਵਾਬ ਵਿਚ ਭਤੀਜਾ ਸਿਰਫ਼ ਹੈਰਾਨ ਹੀ ਸੀ। ਉਹਦੇ ਹੋਠਾਂ ਤੋਂ ਇਕ ਹਮਦਰਦੀ ਦਾ ਹਉਕਾ ਨਿਕਲ ਗਿਆ।

ਭਾਵੇਂ ਇਹ ਹਾਉਕਾ, ਉਸ ਮਜ਼ਲੂਮ ਜਿੰਦੜੀ ਲਈ ਸੀ, ਜਿਹੜੀ ਮੰਜੇ ਉੱਤੇ ਪਈ ਦਮ ਹੋੜ ਰਹੀ ਸੀ ਪਰ ਚਾਚੇ ਹੁਰਾਂ ਨੇ ਇਸ ਨੂੰ ਵੀ ਆਪਣੇ ਨਾਲ ਹਮਦਰਦੀ ਸਮਝ ਲਿਆ, ਇਹ ਜਾਣ ਕੇ ਕਿ ਉਹ ਚਾਚੀ ਨਾਲੋਂ ਵੀ ਵਧੇਰੇ ਮਜ਼ਲੂਮ ਸਨ।

ਉਸੇ ਰਾਤ ਨੂੰ ਹੀ ਉਹ ਬੇ-ਪੱਤਰ ਤੇ ਬੇ-ਫਲ ਟਾਹਣੀ ਜੀਵਨ-ਬ੍ਰਿਛ ਨਾਲੋਂ ਛਾਂਗ ਦਿੱਤੀ ਗਈ। ਉਹਦੀ ਲਾਸ਼ ਕੋਲ ਬੈਠੇ 'ਚਾਚਾ ਜੀ' ਦੀਆਂ ਕਿਸੇ ਆਸ ਨਾਲ ਚਮਕਦੀਆਂ ਅੱਖੀਆਂ ਚੋਂ ਫ਼ਰੇਬੀ ਹੰਝੂਆਂ ਨੇ ਤਾਰ ਬੰਨ੍ਹ ਦਿੱਤੀ। ਬਰਾਦਰੀ ਬੁਲਾਣ ਆਈ, ਗਵਾਂਢੀ ਵੀ ਤੇਰ੍ਹਵੇਂ ਤਕ ਆ ਆ ਅਫ਼ਸੋਸ ਕਰਦੇ ਰਹੇ, ਪਰ ਭਤੀਜਾ ਚਾਚਾ ਜੀ ਦੇ ਐਨ ਗਵਾਂਢ ਵਿਚ ਵਸਦਾ ਹੋਇਆ ਵੀ ਉਨ੍ਹਾਂ ਦੀਆਂ ਹੱਸਦੀਆਂ ਅੱਖੀਆਂ ਨੂੰ ਆਪਣੇ ਸ਼ੋਕਾਤਰ ਚਿਹਰੇ ਨਾਲ ਸ਼ਰਮਿੰਦਾ ਕਰਨ ਵਾਸਤੇ ਉਨ੍ਹਾਂ ਦੇ ਘਰ ਨਾ ਗਿਆ। ਲੋਕਾਂ ਨੇ ਇਹਦਾ ਕਾਰਨ ਇਹ ਸਮਝਿਆ ਕਿ ਉਹ ਪ੍ਰੀਤ-ਲੜੀਆ ਹੈ।

# ਨ-ਹੱਕੀ ਸ਼ਾਬਸ਼

ਇਕ ਮਹੀਨੇ ਦੇ ਬੱਚੇ ਨੂੰ ਠੰਢ ਲਗ ਗਈ, ਹਥ ਪੈਰ ਠੰਢੇ ਹੋ ਗਏ, ਤੇ ਨਬਜ਼ਾਂ ਗਵਾਚ ਗਈਆਂ। ਬੱਚਾ ਸੀ ਸਿਕਾਈ-ਦਾ ਤੇ ਘਰ ਵਾਲਿਆਂ ਦਾ ਚੰਗਾ ਰਸੂਖ਼ ਸੀ ਆਂਢ ਗਵਾਂਢ ਵਿਚ, ਜਿਸ ਕਰ ਕੇ ਬੀਮਾਰ ਦੁਆਲੇ ਬਹੁਤ ਸਾਰੇ ਮਰਦ-ਤੀਵੀਆਂ ਦਾ ਇਕੱਠ ਹੋ ਗਿਆ। ਹਰ ਕੋਈ ਭੌਂਦਲਿਆ ਭੌਂਦ-ਲਿਆ ਫਿਰਦਾ ਸੀ। ਕੋਈ ਦੁਧ ਗਰਮ ਕਰਨ ਲੱਗ ਪਿਆ ਤੇ ਕੋਈ ਜੈਫਲ ਕੁਟਣ ਲੱਗਾ ਘਰ ਵਾਲਿਆਂ ਦੀ ਤਾਂ ਅਕਲ ਈ ਟਿਕਾਣੇ ਨਾ ਰਹੀ, ਹਥ ਪੈਰ ਹੀ ਪੈ ਗਏ ਸਾਰਿਆਂ ਨੂੰ।

ਬੱਚੇ ਦੇ ਨਾਨਾ ਜੀ ਨੇੜੇ-ਤੇੜੇ ਦੇ ਇਲਾਕੇ ਵਿਚ ਚੰਗੇ ਪਰਸਿਧ ਇਕ 'ਸੰਤ ਮਹਾਤਮਾ' ਜੀ ਦੇ ਸ਼ਰਧਾਲੂ ਸਨ। ਇਹ ਪਰਵਾਰ ਸਮੇਤ ਕਈ ਵਾਰੀ ਸੰਤਾਂ ਦਾ ਦਰਸ਼ਨ ਕਰ ਆਏ ਸਨ ਤੇ ਸੰਤਾਂ ਨੇ ਵੀ ਕਈ ਵਾਰੀ ਇਨ੍ਹਾਂ ਦਾ ਘਰ, ਚਰਨ ਪਾ ਕੇ ਪਵਿਤ੍ਰ ਕੀਤਾ ਹੋਇਆ ਸੀ। ਕਿਸੇ ਛਾ ਕਿਸੇ ਤਰ੍ਹਾਂ ਘਰ ਵਾਲਿਆਂ ਦਾ ਯਕੀਨ ਬਣ ਚੁਕਾ ਸੀ ਕਿ ਇਹ ਕਾਕਾ ਵੀ ਉਨ੍ਹਾਂ ਮਹਾਤਮਾ ਜੀ ਦੀ ਕ੍ਰਿਪਾ-ਦ੍ਰਿਸ਼ਟੀ ਹੈ।

"ਝਟ ਪਟ ਕਿਸੇ ਡਾਕਟਰ ਨੂੰ ਬੁਲਾਉ।" ਕਿਸੇ ਹਮਦਰਦ ਨੇ ਸਲਾਹ ਦਿੱਤੀ।

"ਨਹੀਂ ਜੀ! ਸੰਤ ਜੀ ਮਹਾਰਾਜ ਭਲੀ ਹੀ ਕਰਨਗੇ।" ਕਹਿ ਕੇ ਕਾਕੇ ਦੀ ਨਾਨੀ ਨੇ ਇਕ ਪੁੜੀ ਖੋਲ੍ਹੀ ਤੇ ਵਿਚੋਂ ਸੰਤਾਂ ਦੀ ਠੰਢੀ ਠੰਢੀ ਚਰਨ-ਧੂੜ ਕਾਕੇ ਦੇ ਠੰਢੇਠਾਰ ਹੋ ਚੁਕੇ ਮੱਥੇ ਤੇ ਹਥਾਂ ਪੈਰਾਂ ਉੱਤੇ ਮਲੀ ਤੇ ਫੇਰ ਬੜੀਆਂ ਹੀ ਆਸਵੰਦ ਅੱਖਾਂ ਨਾਲ ਉਹਦੇ ਕਰਾਮਾਤੀ ਅਸਰ ਦੀ

ਉਡੀਕ ਕਰਨ ਲੱਗੀ ਜਿਸਤਰ੍ਹਾਂ ਕੋਈ ਡਾਕਟਰ ਮਰੀਜ਼ ਨੂੰ ਇਨਜੈਕਸ਼ਨ ਕਰ ਕੇ ਨਤੀਜੇ ਦੀ ਉਡੀਕ ਕਰਦਾ ਹੈ। ਕਾਕੇ ਦੀ ਹਾਲਤ ਨਰਮ ਤੋਂ ਨਰਮੇਰੀ, ਤੇ ਅਫਰਾ-ਤਫਰੀ ਹੋਰ ਵੀ ਵਧੇਰੀ ਹੋ ਗਈ।

ਡਾਕਟਰ ਵਲ ਭਜਣ ਦੀ ਥਾਂ, ਕਾਕੇ ਦੇ ਸੰਤ-ਸ਼ਰਧਾਲੂ ਨਾਨਾ ਜੀ ਗਲ ਵਿਚ ਪਲਾ ਪਾ ਕੇ ਉਸ ਕੰਧ ਵਲ ਭਜੇ, ਜਿਸ ਉੱਤੇ ਉਨ੍ਹਾਂ ਮਹਾਤਮਾ ਦੀ ਤਸਵੀਰ ਲੱਗੀ ਹੋਈ ਸੀ। ਅਖੀਆਂ ਮੀਟ ਲਈਆਂ ਤੇ ਰੋ ਰੋ ਕੇ ਅਰਦਾਸੇ ਕਰਨ ਲੱਗੇ "ਹੇ ਮਹਾਰਾਜ ! ਕਿਰਪਾ ਕਰੋ : ਹੇ ਮਹਾਰਾਜ ! ਦਇਆ ਕਰੋ। ਆਪ ਜੀ ਦੀ ਦਾਤ ਹੈ। ਹੁਣ ਵੀ ਆਪ ਹੀ ਮਿਹਰ ਕਰੋ ... ..."

ਜ਼ਿੰਦਗੀ ਦੀਆਂ ਅਮਲੀ ਕੀਮਤਾਂ ਉਤੇ ਵਿਸ਼ਵਾਸ ਰੱਖਣ ਵਾਲਾ ਇਕ ਨੌਜਵਾਨ ਕੋਲ ਖਲੋਤਾ ਹੋਇਆ, ਸਬੰਧੀਆਂ ਦੀਆਂ ਇਨ੍ਹਾਂ ਨਿਸ਼ਫਲ ਕੋਸ਼ਸ਼ਾਂ ਤੇ ਬੱਚੇ ਦੀ ਮਾੜੀ ਹਾਲਤ ਨੂੰ ਵੇਖ ਰਿਹਾ ਸੀ।

ਸਿਧੇ ਵਸੀਲੇ ਵਰਤਣ ਦੀ ਥਾਂ, ਕਾਕੇ ਦੀ ਸਿਹਤ ਵਾਸਤੇ ਕੋਈ ਚੰਗਾ ਨਤੀਜਾ ਨਾ ਪੈਦਾ ਕਰਨ ਵਾਲੇ ਉਲਟੇ ਵਸੀਲੇ ਵਰਤੇ ਜਾ ਰਹੇ ਸਨ। ਉਹ ਚਾਹੁੰਦਾ ਤਾਂ ਸੀ ਕਿ ਸੰਤਾਂ ਨੂੰ ਇਸ ਮੁਆਮਲੇ ਵਿਚ ਸ਼ਿਕੱਸਤ ਹੋਵੇ ਤੇ ਇਹ ਘਰਾਨਾ ਵੀ ਸਿਧੇ ਵਸੀਲਿਆਂ ਦਾ ਵਿਸ਼ਵਾਸ਼ੀ ਹੋ ਜਾਵੇ ਪਰ ਇਕ ਬਜ਼ੁਰਗ ਦੇ ਗ਼ਲਤ ਦ੍ਰਿਸ਼ਟੀ ਕੋਨ ਕਰਕੇ ਇਕ ਮਾਹਸੂਮ ਬੱਚਾ ਜੀਵਨ ਤੋਂ ਵਾਂਜਿਆਂ ਜਾਵੇ, ਇਹ ਉਹਨੂੰ ਮਨਜ਼ੂਰ ਨਾ ਹੋ ਸਕਿਆ। ਉਸ ਨੇ ਨੇੜੇ ਦੇ ਸਬੰਧੀਆਂ ਦੀ ਪਰਵਾਹ ਨਾ ਕਰਦਿਆਂ ਹੋਇਆਂ ਬੱਚੇ ਨੂੰ ਨਾਨੀ ਪਾਸੋਂ ਫੜ ਕੇ ਅਪਣੀ ਝੋਲੀ ਵਿਚ ਲੈ ਲਿਆ। ਅਪਣੀ ਸੁਪੱਤਨੀ ਨੂੰ ਅਟੈਚੀਕੇਸ ਵਿਚੋਂ ਬਰਾਂਡੀ ਕਢ ਲਿਆਉਣ ਵਾਸਤੇ ਕਿਹਾ ਤੇ ਇਕ ਹੋਰ ਮਿਤ੍ਰ ਨੂੰ ਘਰ ਵਾਲਿਆਂ ਦੇ ਮਨ੍ਹਾ ਕਰਦਿਆਂ ਕਰਦਿਆਂ ਡਾਕਟਰ ਵਲ ਭਜਾ ਦਿੱਤਾ।

ਬਰਾਂਡੀ ਦੇ ਕੁਝ ਕੁ ਕਤਰੇ ਕਾਕੇ ਨੂੰ ਦਿੱਤੇ ਗਏ। ਕਾਕੇ ਦਾ ਪਿੰਡਾ ਭਖ ਪਿਆ। ਕੁਝ ਕੁ ਬੂੰਦਾਂ ਹੋਰ ਦਿੱਤੀਆਂ। ਚੰਗੇ ਨਤੀਜੇ ਦੀ ਆਸ ਲਗ ਪਈ। ਬੱਚੇ ਦੀ ਹਾਲਤ ਚੰਗਿਆਈ ਵਲ ਬਦਲੀ। ਝਟ ਕੁ ਮਗਰੋਂ ਡਾਕਟਰ ਹੁਰੀਂ ਵੀ ਪਹੁੰਚ ਪਏ। ਉਨ੍ਹਾਂ ਵੀ ਜੋ ਕੁਝ ਕਰ ਸਕਦੇ ਸਨ ਕੀਤਾ ਤੇ ਆਖ਼ਰ

ਕਾਕਾ ਧਰਮ ਰਾਜ ਨੂੰ ਠੁਠ ਵਿਖਾ ਕੇ ਜੀਵਨ ਵਲ ਪਿਛਾਂਹ ਪਰਤ ਪਿਆ।

ਉਧਰ ਗਲ ਵਿਚ ਪਲਾ ਪਾਈ, ਸੰਤਾਂ ਦੀ ਮੂਰਤ ਅੱਗੇ ਅਰਦਾਸਿਆਂ ਵਿਚ ਮਗਨ ਕਾਕੇ ਦੇ ਨਾਨਾ ਜੀ ਨੂੰ ਕਾਕੇ ਦੀ ਚੰਗੀ ਹਾਲਤ ਦੀ ਕੰਨ-ਸੋਅ ਪਈ ਤਾਂ ਬੜੇ ਹੀ ਸ਼ਰਧਾ ਭਰੇ ਅੰਦਾਜ਼ ਨਾਲ ਬੋਲੇ। "ਧੰਨ ਹੋ ਮਹਾਰਾਜ ! ਧੰਨ ਹੋ, ਬੜੀ ਹੀ ਮਿਹਰ ਕੀਤੀ ਜੇ, ਗ਼ਰੀਬਾਂ ਦੇ ਠੂਠੇ 'ਚ ਖ਼ੈਰ ਪਾਈ ਜੇ ਅਸਾਂ ਔਗਣਹਾਰਿਆਂ ਦੇ ਔਗਣਾਂ ਵਲ ਨਹੀਂ ਜੇ ਦੇਖਿਆ। ਧੰਨ ਸੰਤ ਜੀ ਮਹਾਰਾਜ।"

ਤੇ ਇਸ ਤਰ੍ਹਾਂ ਡਾਕਟਰ ਹੁਰਾਂ ਤੇ ਬਰਾਂਡੀ ਦੀ ਬੋਤਲ ਦੇ ਹਿੱਸੇ ਦੀ ਸ਼ਾਬਸ਼ ਕੋਹਾਂ ਤੇ ਬੈਠੇ ਸੰਤ ਜੀ ਮਹਾਰਾਜ ਹੀ ਲੈ ਗਏ।

# ਆਪੇ ਕਰਨ ਦੀ ਤਸੱਲੀ

"ਮੈਂ ਉੱਪ ਤੁਨੈਂ। ਹਾਇ! ਮੈਂ ਉੱਪ ਤੁਨੈਂ।"

ਢਾਈ ਕੁ ਸਾਲ ਦਾ ਬੱਚਾ, ਜ਼ਰਾ ਕੁ ਉਚੇਰੇ ਪਲੰਘ ਦੀ ਹੀਂ ਨਾਲ ਖਲੋਤਾ ਰੀਂ ਰੀਂ ਕਰ ਰਿਹਾ ਸੀ। ਕਦੇ ਉਸ ਨੇ ਛਾਤੀ ਹੀਂ ਨਾਲ ਲਾ ਕੇ ਹੁੰਬਲੀ ਮਾਰੀ ਤੇ ਕਦੇ ਇਕ ਲੱਤ ਪਲੰਗ ਉੱਤੇ ਟੰਗ ਕੇ ਬਾਕੀ ਸਾਰੇ ਵਜੂਦ ਨੂੰ ਉੱਤੇ ਖਿੱਚਣ ਦਾ ਜਤਨ ਕੀਤਾ। ਇਹ ਅਮਲ ਉਸ ਨੇ ਪੰਜ ਸਤ ਵਾਰੀ ਦੁਹਰਾਇਆ ਪਰ ਉੱਪਰ ਚੜ੍ਹਨ ਵਿਚ ਕਾਮਯਾਬ ਨਾ ਹੀ ਹੋ ਸਕਿਆ ਤੇ ਹੁਣ ਕੁਝ ਛਿੱਥਾ ਜਿਹਾ ਪਿਆ ਭੰਡੀ ਪਾ ਰਿਹਾ ਸੀ ਤੇ ਨਾਲੋ ਨਾਲ ਉਪਰਲੇ ਅੱਖਰ ਕਹਿ ਰਿਹਾ ਸੀ, ਜਿਨ੍ਹਾਂ ਦਾ ਮਤਲਬ ਸੀ "ਮੈਂ ਉੱਪਰ ਚੜ੍ਹਨੈਂ। ਹਾਇ! ਮੈਂ ਉੱਪਰ ਚੜ੍ਹਨੈਂ।"

ਨੇੜੇ ਹੀ ਬੈਠ ਕੇ ਪੜ੍ਹਦੇ ਹੋਏ ਵਡੇ ਭਰਾ ਨੇ ਜਦੋਂ ਇਹ ਭੰਡੀ ਸੁਣੀ ਤਾਂ ਕਿਤਾਬ ਉਹਨੇ ਹਥੋਂ ਰਖ ਦਿੱਤੀ ਤੇ ਉਹਨੂੰ ਚੁਕ ਕੇ ਪਲੰਘ ਦੇ ਉੱਤੇ ਬਿਠਾ ਦਿੱਤਾ, ਪਰ ਕਾਕੇ ਦੀ ਭੰਡੀ ਬੰਦ ਹੋਣ ਦੀ ਥਾਂ ਸਗੋਂ ਵਧ ਗਈ ਤੇ ਉੱਚੀ ਉੱਚੀ ਰੌਲਾ ਪਾਂਦਾ ਹੋਇਆ ਲੱਤਾਂ ਲਮਕਾ ਕੇ ਉਹ ਫੇਰ ਹੇਠਾਂ ਉਤਰ ਆਇਆ।

ਪਲੰਘ ਉੱਪਰ ਚੜ੍ਹਨ ਦੇ ਹੰਬਲੇ ਉਸ ਨੇ ਫੇਰ ਸ਼ੁਰੂ ਕਰ ਦਿੱਤੇ। ਉਪਰੋਂ-ਤਲੀ ਦੀ ਅਸਫਲਤਾ ਨਾਲ ਰੀਂ ਰੀਂ ਭਾਵੇਂ ਉਸਨੇ ਫੇਰ ਛੁਹ ਦਿੱਤੀ ਪਰ ਹੀਲਾ ਬੰਦ ਨਾ ਕੀਤਾ।

ਵੱਡੇ ਭਰਾ ਦੀ ਪੜ੍ਹਾਈ ਵਿਚ ਵਿਘਨ ਪੈ ਰਿਹਾ ਸੀ। ਉਹ ਚਾਹੁੰਦਾ ਸੀ ਕਿ ਇਹ ਰੀਂ ਰੀਂ ਕਿਤੇ ਛੇਤੀ ਬੰਦ ਹੋ ਜਾਵੇ ਤੇ ਉਹ ਇਕ ਧਿਆਨ ਹੋ ਕੇ

ਪੜ੍ਹਾਈ ਕਰ ਸਕੇ। ਉਸ ਨੇ ਕਾਕੇ ਨੂੰ ਫੇਰ ਚੁਕਿਆ ਤੇ ਪਲੰਗ ਉੱਤੇ ਬਿਠਾ ਦਿੱਤਾ।

ਕਾਕੇ ਨੇ ਆਪਣਾ ਪਹਿਲਾ ਅਮਲ ਫੇਰ ਦੁਹਰਾਇਆ ਤੇ ਫੇਰ ਪਲੰਗੋਂ ਹੇਠਾਂ ਆ ਗਿਆ। ਵੱਡਾ ਭਰਾ ਹੈਰਾਨ ਸੀ ਕਿ ਉਹ ਕਰੇ ਤਾਂ ਕੀ? ਕਾਕਾ ਪਲੰਗ ਕੋਲੋਂ ਹਟਦਾ ਨਹੀਂ ਸੀ, ਉੱਤੇ ਚੜ੍ਹ ਸਕਦਾ ਨਹੀਂ ਸੀ ਤੇ ਉੱਤੇ ਚੜ੍ਹਾਇਆਂ ਫੇਰ ਹੇਠਾਂ ਉਤਰ ਆਂਵਦਾ ਸੀ। ਉਸ ਦੇ ਵਾਸਤੇ ਇਹ ਨਿੱਕਾ ਜਿਹਾ ਭਰਾ ਇਕ ਵਡੀ ਸਾਰੀ ਅੜਾਉਣੀ ਬਣ ਗਿਆ।

ਥੋੜਾ ਕੁ ਚਿਰ ਉਸ ਨੇ ਕੁਝ ਸੋਚਿਆ ਤੇ ਦਿਲ ਵਿਚ ਇਸ ਅੜਾਉਣੀ ਦਾ ਹਲ ਲੋੜਿਆ। ਕਾਕੇ ਦੇ ਕੋਲ ਜਾ ਕੇ ਉਸ ਨੇ ਅਰਕਾਂ ਤੇ ਗੋਡੇ ਜ਼ਮੀਨ ਨਾਲ ਟੇਕ ਲਏ ਤੇ 'ਘੋੜੀ' ਬਣ ਗਿਆ। ਕਾਕਾ ਇਕ ਹੁੰਬਲੀ ਮਾਰ ਕੇ ਉਹਦੀ ਪਿੱਠ ਉੱਤੇ ਚੜ੍ਹ ਗਿਆ ਤੇ ਦੂਜੀ ਹੁੰਬਲੀ ਮਾਰ ਸ਼ੱਪ ਦਿੱਤੀ ਪਲੰਗ ਉੱਤੇ। ਹੁਣ ਉਸ ਦੀਆਂ ਹੰਝੂਆਂ ਨਾਲ ਤ੍ਰਬਤ ਅੱਖੀਆਂ ਵਿਚ ਤੇ ਭੁਸਕ-ਦੀਆਂ ਬੁਲ੍ਹੀਆਂ ਉੱਤੇ ਖਿੜ ਖਿੜ ਹਾਸਾ ਖੇਡ ਰਿਹਾ ਸੀ ਤੇ ਇਹ ਉਸ ਖ਼ੁਸ਼ੀ ਦੀ ਆਪ-ਮੁਹਾਰੀ ਪ੍ਰਗਟਤਾ ਸੀ ਜਿਹੜੀ ਆਪਣੇ ਹਥੀਂ ਕੰਮ ਕਰਨ ਤੇ ਪ੍ਰਾਪਤ ਹੁੰਦੀ ਨੂੰ। ਕਾਕਾ ਇਹ ਨਹੀਂ ਸੀ ਚਾਹੁੰਦਾ ਕਿ ਉਹਨੂੰ ਚੁਕ ਕੇ ਪਲੰਘ ਉੱਤੇ ਬਿਠਾ ਦਿੱਤਾ ਜਾਵੇ। ਉਹ ਉੱਪਰ ਚੜ੍ਹਨਾਂ ਚਾਹੁੰਦਾ ਸੀ ਤੇ ਘੜੀ-ਮੁੜੀ ਨਾ-ਕਾਮਯਾਬ ਹੋ ਕੇ ਉੱਪਰ ਚੜ੍ਹਨ ਵਿਚ ਸਹਾਇਤਾ ਮੰਗਦਾ ਸੀ, ਉਹ ਸਹਾਇਤਾ ਜਿਸ ਦੇ ਹੁੰਦਿਆਂ ਹੋਇਆਂ ਵੀ ਉਹ ਆਪਣੇ ਹੀਲੇ ਦੀ ਕਾਮਯਾਬੀ ਦੀ ਤਸੱਲੀ ਲੈ ਸਕੇ।

# ਤਸਵੀਰ ਦਾ ਸਤਕਾਰ

"ਤੈਨੂੰ, ਯਾਰ ! ਤਸਵੀਰਾਂ ਦੀ ਚੰਗੀ ਪਰਖ ਏ। ਤੇ ਮੈਂ ਵੀ ਦੋ ਚਾਰ ਤਸਵੀਰਾਂ ਲੈਣੀਆਂ ਨੇ। ਆ ਜ਼ਰਾ ਮੁਗ਼ਲ ਬਜ਼ਾਰ ਵਲੋਂ ਹੁੰਦੇ ਚਲੀਏ, ਮੈਂ ਤੇਰੀ ਸਲਾਹ ਲੈਣੀ ਚਾਹੁੰਦਾ ਹਾਂ।" ਇਕ ਦੋਸਤ ਨੇ ਦੂਜੇ ਨੂੰ ਕਿਹਾ ਤੇ ਉਹ ਹਰੀ ਸਿੰਘ ਦੇ ਕਟੜਿਉਂ, ਗੁਰੂ ਬਜ਼ਾਰ ਚੋਂ ਹੁੰਦੇ ਹੋਏ, ਮੁਗ਼ਲ ਬਜ਼ਾਰ ਵਲ ਚਲ ਪਏ।

"ਪਰ ਤੁਸੀ ਕਿਹੋ ਜਹੀਆਂ ਤਸਵੀਰਾਂ ਲੈਣੀਆਂ ਪਸੰਦ ਕਰੋਗੇ ?" ਦੂਜੇ ਨੇ ਰਾਹ ਵਿਚ ਪੁਛਿਆ, "ਕੁਝ ਕੁਦਰਤੀ ਸੀਨਰੀਆਂ ਜਾਂ ... ... ?"

"ਨਹੀਂ ਜੀ, ਸੀਨਰੀਆਂ-ਸੂਨਰੀਆਂ ਮੈਂ ਕੀ ਕਰਨੀਆਂ ਨੇ।" ਪਹਿਲੇ ਨੇ ਬੜੇ ਜਜ਼ਬੇ ਨਾਲ ਨਖੇਧੀ ਕੀਤੀ। "ਮੈਨੂੰ ਤਾਂ ਧਾਰਮਕ ਤਸਵੀਰਾਂ ਚਾਹੀਦੀਆਂ ਨੇ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀਆਂ ਨਵੇਂ ਨਮੂਨੇ ਦੀਆਂ, ਵਡੀਆਂ ਵਡੀਆਂ ਹੋਣ। ਫ਼ਰੇਮਾ ਬੜੀਆਂ ਸ਼ਾਨਦਾਰ ਚਾਹੀਦੀਆਂ ਨੇ, ਪੈਸਿਆਂ ਦਾ ਕੋਈ ਖ਼ਿਆਲ ਨਹੀਂ।"

"ਇਕ ਗਲ ਪੁੱਛਾਂ ?" ਪਹਿਲੇ ਨੇ ਜ਼ਰਾ ਕੁ ਹੋਰ ਅਗੇਰੇ ਜਾ ਕੇ ਪੁਛਿਆ।

"ਹਾਂ ਪੁੱਛੋ।"

"ਤੁਸੀਂ ਇੰਨਾਂ ਤਸਵੀਰਾਂ ਨੂੰ ਲਾਉਗੇ ਕਿਥੇ ?"

"ਬੈਠਕ ਵਿਚ।"

ਇਤਨੇ ਵਿਚ ਹੀ ਉਹ ਮੁਗ਼ਲ-ਬਜ਼ਾਰ ਪਹੁੰਚ ਪਏ। ਦੋ ਤਿੰਨ ਦੁਕਾਨਾਂ ਉੱਤੇ ਉਨ੍ਹਾਂ ਤਸਵੀਰਾਂ ਕਢਾਈਆਂ ਤੇ ਆਖ਼ਰ ਇਕ ਦੁਕਾਨ ਤੋਂ ਇਕ ਜੋੜਾ



SINGH COL

ਪਸੰਦ ਵੀ ਆ ਗਿਆ।

ਦੁਕਾਨਦਾਰ ਖਿਲਰੀਆਂ ਤਸਵੀਰਾਂ ਨੂੰ ਸਾਂਭਣ ਵਾਸਤੇ ਜ਼ਰਾ ਕੁ ਅੰਦਰ ਗਿਆ ਤੇ ਦੂਜੇ ਨੇ ਗਲਾਂ ਦੀ ਟੁਟੀ ਲੜੀ ਫੇਰ ਜੋੜ ਲਈ।

"ਤੇ ਉਸ ਬੈਠਕ ਵਿਚ ਕੋਈ 'ਮਾੜ' ਤਾਂ ਨਹੀਂ ਕੀਤਾ ਜਾਇਗਾ?"

"'ਮਾੜ' ਤੋਂ ਤੁਹਾਡਾ ਕੀ ਮਤਲਬ?" ਉਸ ਨੇ ਹੈਰਾਨ ਹੋ ਕੇ ਪੁਛਿਆ।

"ਵਹੁਟੀ ਨਾਲ ਵਧੀਕੀ, ਨੌਕਰ ਨਾਲ ਬੇ-ਇਨਸਾਫ਼ੀ, ਸਬੰਧੀਆਂ ਦਾ ਤ੍ਰਿਸਕਾਰ, ਬੱਚਿਆਂ ਨਾਲ ਕੀਤੇ ਇਕਰਾਰਾਂ ਦੀ ਨਾ-ਪਾਲਣਾ, ਅਸਾਮੀਆਂ ਨਾਲ ਧੱਕਾ, ਗਵਾਂਢੀਆਂ ਦੀ ਬਦ-ਖੋਹੀ, ਸ਼ਰੀਕਾਂ ਨੂੰ ਅਯੋਗ ਤੌਰ ਤੇ ਠਿਠ ਕਰਨ ਦੀ ਮਨਸੂਬੇਬਾਜ਼ੀ,ਜੂਆ, ਸ਼ਰਾਬ-ਨੋਸ਼ੀ ਆਦਿ ਇਹੋ ਜਹੇ ਹੋਰ ਬਹੁਤ ਸਾਰੇ ਕੰਮ ਜਿਨ੍ਹਾਂ ਨੂੰ ਤੁਸੀ ਬਹੁਤੀਆਂ ਅਖੀਆਂ ਤੇ ਬਹੁਤੇ ਕੰਨਾਂ ਤੋਂ ਵਿੱਥ ਉਤੇ ਰਹਿ ਕੇ ਕਰਨਾ ਪਸੰਦ ਕਰਦੇ ਹੋ।"

'ਮਾੜ' ਦੀ ਇਹ ਵਿਆਖਿਆ ਉਨ੍ਹਾਂ ਨੂੰ ਕੁਝ ਅਨੋਖੀ ਜਹੀ ਜਾਪੀ, ਕਿਉਂਕਿ ਉਨ੍ਹਾਂ ਦੇ ਖ਼ਿਆਲ ਵਿਚ 'ਬਹੁਤ ਮਾੜੇ' ਕੰਮ ਇਨ੍ਹਾਂ ਤੋਂ ਵੱਖਰੀ ਕਿਸਮ ਦੇ ਹੁੰਦੇ ਸਨ। ਸੁਣ ਕੇ ਜ਼ਰਾ ਕੁ ਸੋਚੀਂ ਜਹੇ ਪੈ ਗਏ।

"ਇਸ ਗੱਲ ਦੀ ਤਾਂ ਕੋਈ ਗਰੰਟੀ ਨਹੀਂ ਦਿੱਤੀ ਜਾ ਸਕਦੀ, ਕਿਉਂਕਿ ਇਨ੍ਹਾਂ ਵਿੱਚੋਂ ਬਹੁਤ ਕੁਝ ਅਕਸਰ ਸਾਡੇ ਘਰਾਂ ਵਿਚ ਕਈ ਵਾਰੀ ਹੁੰਦਾ ਰਹਿੰਦਾ ਹੈ।"

"ਜੇ ਤੁਸੀ ਇਨ੍ਹਾਂ ਤਸਵੀਰਾਂ ਦੇ ਨਕਸ਼ਾਂ ਉਹਲੇ ਕੋਈ ਪੂਜਯ ਤੇ ਜੀਂਵਦਾ ਜੀਵਨ ਅਨਭਵ ਕਰਦੇ ਹੋ ਤਾਂ ਤੁਹਾਨੂੰ ਇਹ ਤਸਵੀਰਾਂ ਆਪਣੇ ਘਰ ਦੇ ਕਿਸੇ ਉਸ ਹਿੱਸੇ ਵਿਚ ਨਹੀਂ ਲਾਣੀਆਂ ਚਾਹੀਦੀਆਂ ਜਿੱਥੇ 'ਮਾੜ' ਨਾ ਕਰਨ ਦੀ ਗਰੰਟੀ ਤੁਸੀ ਨਹੀਂ ਦੇ ਸਕਦੇ।" ਦੂਜਾ ਨੌਜਵਾਨ ਕਿਸੇ ਦਰਦ ਨਾਲ ਕਹਿਣ ਲੱਗਾ।

"ਹੋਰ ਨਹੀਂ ਤਾਂ ਘਟੋਂ ਘਟ ਇਨ੍ਹਾਂ ਤਸਵੀਰਾਂ ਦੇ ਸਤਿਕਾਰ ਦੇ ਸਦਕੇ ਹੀ ਸਾਡੇ ਘਰਾਂ ਦਾ ਵਾਯੂ-ਮੰਡਲ ਸੁਖਾਵਾਂ ਹੋ ਜਾਣਾ ਚਾਹੀਦਾ ਹੈ। ਇਨ੍ਹਾਂ

ਨੂੰ ਘਰਾਂ ਵਿਚ ਸਜਾ ਕੇ ਘਰ ਵਿਚ 'ਮਾੜ'ਕਰਨ ਤੋਂ ਪਰਹੇਜ਼ ਨਾ ਕਰਨਾ ਇਤਨੀ ਹੀ ਦੀਦਾ-ਦਲੇਰੀ ਗਿਣੀ ਜਾਣੀ ਚਾਹੀਦੀ ਹੈ ਜਿਤਨੀ ਕਿ ਕਿਸੇ ਥਾਣੇਦਾਰ ਨੂੰ ਸਾਹਮਣੇ ਬਿਠਾ ਕੇ ਜੁਰਮ ਕਰਨਾ। ਇਨ੍ਹਾਂ ਪਵਿੱਤ੍ਰ ਹਸ-ਤੀਆਂ ਦੀਆਂ ਤਸਵੀਰਾਂ ਦੇ ਘਰਾਂ ਵਿਚ ਹੁੰਦਿਆਂ ਹੋਇਆਂ ਇਨ੍ਹਾਂ ਦੇ ਰੋਸ਼ਨ ਜੀਵਨ ਦੀ ਕੋਈ ਜੀਂਵਦੀ ਕਿਰਨ ਜੇ ਸਾਡੇ ਹਨੇਰੇ ਅਮਲਾਂ ਨੂੰ ਰੋਸ਼ਨ ਨਹੀਂ ਕਰਦੀ ਤਾਂ ਯਕੀਨਨ ਇਨ੍ਹਾਂ ਦਾ ਸਾਡੇ ਘਰ ਵਿਚ ਹੋਣਾ, ਨਾ ਸਿਰਫ਼ ਨਾ ਹੋਣ ਦੇ ਬਰਾਬਰ ਹੈ, ਸਗੋਂ ਇਨ੍ਹਾਂ ਦੀ ਹੱਤਕ ਹੈ।"

ਦੁਕਾਨਦਾਰ ਨੂੰ – ਜਿਹੜਾ ਹੁਣ ਆਪਣੀ ਗੱਦੀ ਉੱਪਰ ਆ ਬੈਠਾ ਸੀ – ਇਸ ਨੌਜਵਾਨ ਦੀਆਂ ਇਹ ਗੱਲਾਂ ਸੁਖਾਵੀਂਆਂ ਨਹੀਂ ਸਨ ਲੱਗ ਰਹੀਆਂ, ਕਿਉਂਕਿ ਇਹ ਸੌਦੇ ਵਿਚ ਭਾਨੀ ਮਾਰਨ ਵਾਲੀਆਂ ਸਨ। ਉਹਨੇ ਇਕ ਦੋ ਵਾਰੀ ਘੂਰ ਕੇ ਉਹਦੇ ਵਲ ਵੇਖਿਆ, ਪਰ ਕਿਸੇ ਬਹਿਸ ਵਿਚ ਪੈਣਾ ਉਨ੍ਹਾਂ ਨੇ ਵਾਜਬ ਨਾ ਸਮਝਿਆ।

ਤਸਵੀਰ-ਉਪਾਸ਼ਕ ਸੱਜਣ ਜੀ ਨੇ ਕੁਝ ਸੋਚਿਆ,ਕੁਝ ਫ਼ੈਸਲਾ ਕੀਤਾ ਤੇ ਸੱਖਣੇ ਹੱਥ ਉਸ ਹੱਟੀਉਂ ਵਾਪਸ ਜਾਣ ਲੱਗੇ।

"ਕਿਉਂ ਜੀ ! ਕੀ ਗੱਲਹੋ ਗਈ ਏ।" ਦੁਕਾਨਦਾਰ ਨੇ ਸੰਖੇਪ ਜਿਹਾ ਕੀਤਾ।"

"ਜੀ ! ਮੈਂ ਪਹਿਲੋਂ ਆਪਣੇ ਘਰ ਨੂੰ ਇਨ੍ਹਾਂ ਤਸਵੀਰਾਂ ਦੇ ਸਜਾਣ ਯੋਗ ਬਣਾ ਲਵਾਂ।"

# ਦਰਿਆ ਵਰਗਾ ਦਿਲ

ਉਹਨੂੰ ਇਹ ਸਮਝ ਨਹੀਂ ਸੀ ਆ ਰਹੀ ਕਿ ਬਹਾਦਰ ਮਰਦਾਂ ਦੀ ਸਿਫ਼ਤ ਇਸਤ੍ਰੀ, ਸਤਕਾਰ ਹੈ ਤੇ ਠੀਕ ਅਰਥਾਂ ਵਿਚ ਮਰਦ ਉਸੇ ਨੂੰ ਹੀ ਕਿਹਾ ਜਾ ਸਕਦਾ ਹੈ ਜਿਸ ਦੇ ਕੋਲ ਬੈਠਿਆਂ ਕਿਸੇ ਵੀ ਇਸਤ੍ਰੀ ਨੂੰ ਆਪਣੀ ਸਾਧਾਰਨ ਹਿਲਜੁਲ ਉਤੇ ਪਾਬੰਦੀ ਨਾ ਲਾਣੀ ਪੈ ਜਾਏ, ਨਾ ਹੀ ਸਮਿਟ ਸਮਿਟ ਕੇ ਬੈਠਣਾ ਪੈਂਦਾ ਹੋਵੇ।

ਉਹ ਇਹ ਹੀ ਸਮਝੀ ਬੈਠਾ ਸੀ, ਕਿ ਉਹਦੇ ਸੰਵਾਰੇ ਹੋਏ ਵਾਲਾਂ ਵਿੱਚੋਂ ਨਿਕਲ ਰਹੀ ਕੋਈ ਤੇਜ਼ ਜਿਹੀ ਸੈਂਟ, ਉਹਦੇ ਸਿਰ ਉਤਲੀ ਅੰਗਰੇਜ਼ੀ ਟੋਪੀ, ਉਹਦਾ ਢਿੱਲਾ ਢਿੱਲਾ ਜਿਹਾ ਰੇਸ਼ਮੀ ਸੂਟ, ਤੇ ਕਟ-ਪਧਰੀਆਂ ਕੀਤੀਆਂ ਮੁਛਾਂ ਨੂੰ ਮੁੜ ਮੁੜ ਤਾਅ ਦੇਣਾ, ਉਹਨੂੰ ਇਹ ਹਕ ਦੇ ਰਿਹਾ ਸੀ ਕਿ ਉਹ ਹਰ ਰਾਹ ਜਾਂਦੀ,ਕੋਲੋਂ ਲੰਘਦੀ ਤੇ ਕੋਲ ਬੈਠੀ ਨੌਜਵਾਨ ਇਸਤ੍ਰੀ ਨੂੰ ਬੇ-ਆਰਾਮ ਕਰ ਦੇਵੇ। ਉਹਨੂੰ ਪਰਵਾਹ ਨਹੀਂ ਸੀ ਕਿ ਇਸ ਨੂੰ ਵਾਰ ਵਾਰ ਸ਼ਰਮਾ ਕੇ ਅੱਖੀਆਂ ਨੀਵੀਆਂ ਪਾਣੀਆਂ ਪੈ ਰਹੀਆਂ ਸਨ, ਉਹਦੀ ਬਲਾ ਨੂੰ ਜੇ ਇਹਨੂੰ ਘੜੀ ਮੁੜੀ ਸਾਹੜੀ ਦਾ ਹਵਾ ਨਾਲ ਸਰਕ ਸਰਕ ਪੈਂਦਾ ਪੱਲਾ ਖਿੱਚ ਖਿੱਚ ਕੇ ਸਿਰ ਉਤੇ ਕਰਨਾ ਪੈ ਰਿਹਾ ਸੀ। ਉਹਨੂੰ ਇਹਦੇ ਨਾਲ ਕੀ ਵਾਸਤਾ ਸੀ ਜੇ ਇਹਨੂੰ ਸ਼ਰਮ ਨਾਲ ਸੁੰਗੜ-ਸੁੰਗੜ ਕੇ ਗੁੱਛਾ-ਮੁੱਛਾ ਹੋਣਾ ਪੈ ਰਿਹਾ ਸੀ। ਉਹ ਬੇ-ਨਿਆਜ਼ ਸੀ ਇਹਦੇ ਦਿਲ ਵਿਚ ਉੱਠ ਰਹੀਆਂ ਕਲੀਲੀਆਂ ਤੇ ਮੱਥੇ ਉੱਤੇ ਪੈ ਰਹੀਆਂ ਤ੍ਰਿਊੜੀਆਂ ਤੋਂ, ਤੇ ਇਹਦੀ ਸੱਜ-ਵਿਆਹੀ ਜਵਾਨ ਸੁੰਦਰਤਾ ਨੂੰ ਅਖੀਆਂ ਦੀਆਂ ਲੰਮੀਆਂ ਡੀਕਾਂ ਨਾਲ ਪੀ ਜਾਣਾ ਚਾਹੁੰਦਾ ਸੀ, ਕਿਸੇ ਠੰਢੇ ਚਸ਼ਮੇ ਤੇ

ਆਣ ਪੁਜੇ ਚਿਰ-ਤ੍ਰਿਹਾਇ ਮੁਸਾਫ਼ਰ ਵਾਂਗ।

ਇਹਦੇ ਨਾਲ ਦੀ ਸੀਟ ਉੱਤੇ ਬੈਠਾ ਹੋਇਆ ਇਹਦਾ ਨੌਜਵਾਨ ਪਤੀ ਇਸ ਭੁਖ-ਨੈਣੇ ਗਭਰੂ ਦੀ ਸਾਰੀ ਗੁਸਤਾਖ਼ੀ ਨੂੰ ਵੇਖ ਰਿਹਾ ਸੀ ਤੇ ਨਾਲ ਹੀ ਮਾਹਸੂਸ ਕਰ ਰਿਹਾ ਸੀ ਇਹਦੇ ਦਿਲ ਵਿਚ ਹੋ ਰਹੀ ਘਾਊਂ-ਮਾਊਂ ਨੂੰ। ਉਹਨੂੰ ਅਪਣੀ ਸ਼ਰਮੀਲੀ-ਸਜਣੀ ਉਤੇ ਵੀ ਤਰਸ ਆ ਰਿਹਾ ਸੀ, ਪਰ ਭੀੜ-ਭਰਪੂਰ ਗੱਡੀ ਵਿਚ ਕੋਈ ਬੇ-ਅਰਾਮੀ ਪੈਦਾ ਕਰਨੋਂ ਉਹ ਸੰਕੋਚ ਕਰ ਰਿਹਾ ਸੀ। ਉਸ ਨੇ ਆਪਣੇ ਦਿਲ ਹੀ ਦਿਲ ਵਿਚ ਕੀਤੇ ਕਿਸੇ ਫ਼ੈਸਲੇ ਨੂੰ ਅਮਲੀ ਸ਼ਕਲ ਦੇਣ ਤੋਂ ਪਹਿਲਾਂ ਕੁਝ ਚਿਰ ਹੋਰ ਸਬਰ ਨਾਲ ਉਡੀਕਣਾ ਚੰਗਾ ਸਮਝਿਆ, ਪਰ ਇਹ ਸਿਲਸਿਲਾ ਜਾਰੀ ਰਿਹਾ ਤੇ ਇਹ ਸੋਹਲ ਸ਼ਰਮੀਲੀ ਜਿੰਦੜੀ, ਉਹਦੀਆਂ ਸ਼ੋਖ਼ ਅਖੀਆਂ ਦੇ ਸੇਕ ਉੱਤੇ ਤੱਲੋ-ਮੱਛੀ ਹੁੰਦੀ ਰਹੀ, ਸੀਖ ਉੱਤਲੇ ਕਬਾਬ ਵਾਂਗ।

ਗੱਡੀ ਖਲੋ ਗਈ ਤੇ ਅਗਲੇ ਡਬਿਆਂ ਦੇ ਸਾਹਮਣੇ ਵਾਲੇ ਕੁਲੀਆਂ ਨੇ ਰੌਲਾ ਪਾਣਾ ਸ਼ੁਰੂ ਕਰ ਦਿੱਤਾ।

"ਲਾਲਾ ਮੂਸਾ, ਉਤਰੋ, ਉਤਰ ਜਾਓ। ਇਹ ਡੱਬੇ ਕੱਟੇ ਜਾਣਗੇ, ਇਹ ਡੱਬੇ ਕੱਟੇ ਜਾਣੇ ਨੇ।"

ਨੌ ਜਵਾਨ ਦੀ ਤਾਰ ਟੁਟ ਗਈ ਤੇ ਉਹ ਝਟ ਬਾਰੀ ਵਿਚ ਦੀ ਛਾਲ ਮਾਰ ਕੇ ਪਲੇਟ ਫ਼ਾਰਮ ਉੱਤੇ ਚਲਾ ਗਿਆ। ਜੰਗੀ ਦਿਹਾੜੀਆਂ ਵਿਚ ਰੇਲਵੇ ਦੀ ਕਿਰਸ ਕਰ ਕੇ ਗੱਡੀਆਂ ਕੁਝ ਉਂਜ ਹੀ ਘਟ ਸਨ ਤੇ ਜਿਹੜੀਆਂ ਚਲਦੀਆਂ ਸਨ ਉਹ ਉਂਜ ਖਚਾ-ਖਚ ਭਰੀਆਂ ਹੋਈਆਂ ਹੁੰਦੀਆਂ ਸਨ ਹੁਣ ਇਸ ਮੁਸੀਬਤ ਵਿਚ ਹੋਰ ਵਾਧਾ ਕਰਨ ਵਾਸਤੇ ਅਗਲੇ ਡੱਬੇ ਕੱਟੇ ਜਾਣ ਦੀ ਮੁਸੀਬਤ ਆ ਗਈ।

ਇਨ੍ਹਾਂ ਕੱਟੇ ਜਾਣ ਵਾਲੇ ਡੱਬਿਆਂ ਵਿੱਚੋਂ ਉਤਰ ਕੇ ਛੜੇ-ਛਾਂਟਾਂ ਨੇ ਤਾਂ ਝਟ ਪਟ ਪਿਛਲੇ ਨੇੜੇ ਵਾਲੇ ਭੀੜ-ਭਰੇ ਡੱਬਿਆਂ ਨੂੰ ਹੋਰ ਵੀ ਤੂੜੀ ਦੀ ਗੱਡ ਵਾਂਗ ਭਰ ਦਿੱਤਾ ਪਰ ਉਨ੍ਹਾਂ ਵਿਚਾਰਿਆਂ ਨੂੰ, ਜਿਨ੍ਹਾਂ ਨਾਲ ਬਾਲ ਬੱਚੇ ਤੇ ਜ਼ਨਾਨਾ ਸਾਥ ਸੀ, ਹਫੜਾ-ਦਫੜੀ ਪੈ ਗਈ। ਗੱਡੀ ਤੋਂ ਸਾਮਾਨ ਉਤਰ-

ਵਾਨਾ, ਭੀੜ ਭੜੱਕੇ ਵਿਚ ਸੰਭਾਲਣਾ, ਕੁਲੀਆਂ ਨਾਲ ਝਗੜਾ ਝੁਗੜਾ ਕਰਨਾ, ਅਸਬਾਬ ਚੁਕਾ ਕੇ ਤੂੜੀਆਂ ਹੋਈਆਂ ਗੱਡੀਆਂ ਵਿਚ 'ਅੜ ਜਾਣ' ਵਾਸਤੇ ਪਲੇਟ ਫ਼ਾਰਮ ਉੱਤੇ ਅੱਗੋਂ ਪਿੱਛੇ ਤੇ ਫੇਰ ਪਿੱਛੋਂ ਅੱਗੇ ਦੌੜ ਭਜ ਕਰਨੀ। ਬਸ ਵਾਹ ਰੌਲਾ ਗੌਲਾ ਪਿਆ ਹੋਇਆ ਸੀ ਪਲੇਟ ਫ਼ਾਰਮ ਉੱਤੇ।

ਤਾਹੀਉਂ ਜੁ ਉਹ ਨੌ-ਜਵਾਨ, ਇਕ ਕੁਲੀ ਦੇ ਸਿਰ ਤੇ ਬਹੁਤ ਸਾਰਾ ਅਸਬਾਬ ਚੁਕਾਇਆ ਹੋਇਆ ਕਾਹਲੀ ਕਾਹਲੀ ਆਇਆ ਤੇ ਇਕ ਇਕ ਕਰ ਕੇ, ਬਾਰੀ ਥਾਣੀ, ਸਾਰੇ ਨਗ ਆਪਣੀ ਸੀਟ ਉੱਤੇ ਤੇ ਹੋਰ ਅਗੇਰੇ ਸੁਟੀ ਜਾਣ ਲੱਗਾ। ਕੁਲੀ ਦੀ ਪਿੱਠ ਪਿੱਛੇ ਅਸਲੀ ਨਨੂਨ ਦਾ ਦੁਪੱਟਾ ਸਿਰ ਉੱਤੇ ਕੀਤਾ ਹੋਇਆ ਉਹਦੀ ਨੌ-ਜਵਾਨ ਵਹੁਟੀ ਵੀ ਖਲੋਤੀ ਸੀ।

ਅਸਬਾਬ ਤਾਂ ਗੱਡੀ ਵਿਚ ਚੜ੍ਹਾ ਦਿੱਤਾ ਗਿਆ,ਪਰ ਉਨ੍ਹਾਂ ਦਾ ਆਪਣਾ ਸਵਾਰ ਹੋ ਸਕਣਾ ਇਕ ਔਖਾ ਜਿਹਾ ਸਵਾਲ ਬਣ ਕੇ ਰਹਿ ਗਿਆ ਸੀ। ਦਰਵਾਜ਼ੇ ਅਗੇ ਖਲੋਤੀ ਭੀੜ ਨੇ ਡੰਡੇ ਤਕ ਮੱਲੇ ਹੋਏ ਸਨ – ਤੇ ਗੱਡੀ ਵਿਸਲ ਕਰ ਰਹੀ ਸੀ।

ਕੋਈ ਚਾਰਾ ਚਲਦਾ ਨਾ ਵੇਖ ਔਖਿਆਂ ਸੌਖਿਆਂ ਬੀਬੀ ਨੂੰ ਵੀ ਬਾਰੀ ਥਾਣੀ ਹੀ ਅੰਦਰ ਵਗਾਹ ਮਾਰਿਆ ਗਿਆ ਤੇ ਸੀਟ ਅਸਬਾਬ ਨਾਲ ਰੁਝੀ ਹੋਈ ਹੋਣ ਕਰ ਕੇ ਇਹ ਪਤੀ ਪਤਨੀ ਦੋਵੇਂ ਖਲੋਤੇ ਰਹਿਣ ਵਾਸਤੇ ਹੀ ਮਜਬੂਰ ਸਨ।

ਭੀੜ ਨਾਲ ਖਚਾ-ਖਚ ਭਰੀ ਹੋਈ ਮਰਦਾਵੀਂ ਗੱਡੀ, ਆਪਣੀ ਵਹੁਟੀ ਵਾਸਤੇ 'ਪਰਦੇ' ਤੇ ਦੂਜੀਆਂ ਵਾਸਤੇ 'ਆਜ਼ਾਦੀ' ਦਾ ਹਾਮੀ ਨੌ-ਜਵਾਨ, ਵਹੁਟੀ ਉੱਤੇ ਅਸਲੀ ਨਨੂਨ ਦਾ ਦੁਪੱਟਾ, ਬੁਰਕੇ ਵਾਲਾ ਸੂਟ-ਕੇਸ ਅਸਬਾਬ ਦੇ ਢੇਰ ਹੇਠਾਂ ਕਿਤੇ ਦਬਿਆ ਹੋਇਆ, ਗਵਾਂਢੀ ਨਾਲ ਆਪਣੇ ਪਹਿਲੇ ਵਤੀਰੇ ਦੀ ਬੇ-ਆਰਾਮੀ ਤੇ ਉਹੀ ਕੁਝ ਆਪਣੇ ਨਾਲ ਬੀਤਣ ਦਾ ਡਰ ਜੋ ਕੁਝ ਇਸ ਦੇ ਹਥੋਂ ਉਹਦੇ ਨਾਲ ਬੀਤਿਆ ਹੈ। ਵਿਚਾਰੇ ਦੀ ਹਾਲਤ ਤਰਸ-ਯੋਗ ਬਣੀ ਹੋਈ ਸੀ। ਕਦੇ ਆਂਢੀਆਂ ਗਵਾਂਢੀਆਂ ਦੀਆਂ ਅੱਖੀਆਂ ਵਲ ਵੇਖਦਾ ਕਿ ਇਹ ਮੇਰੀ ਵਹੁਟੀ ਵਲ ਤਾਂ ਨਹੀਂ ਵੇਖ ਰਹੀਆਂ। ਕਦੇ

ਵਹੁਟੀ ਵਲ ਵੇਖਦਾ ਕਿ ਇਹ ਤਾਂ ਨਹੀਂ ਕਿਸੇ ਵਲ ਵੇਖ ਰਹੀ। ਇਹਦੀਆਂ ਉਹ ਸ਼ੋਖ਼ ਅੱਖੀਅ,ਂਜਿਹੜੀਆਂ ਅਗੇ 'ਹਮਲੇ ਕਰਨ' ਵਿਚ ਰੁਝੀਆਂ ਹੋਈਆਂ ਸਨ, ਹੁਣ ਹਿਫ਼ਾਜ਼ਤੀ ਪੋਜ਼ੀਸ਼ਨ ਲੈ ਰਹੀਆਂ ਸਨ। ਵਿਚਾਰਾ ਕਦੇ ਉਹਦੇ ਅੱਗੇ ਖਲੋ ਕੇ ਉਹਨੂੰ ਆਪਣੇ ਜੁੱਸੇ ਦਾ ਉਹਲਾ ਦੇਂਦਾ, ਕਦੇ ਟਰੀਬਿਊਨ ਦੇ ਦੋਹਰੇ ਵਰਕੇ ਖੋਹਲ ਖੋਹਲ ਕੇ ਉਹਨੂੰ ਲੁਕਾਣ ਦੀ ਕੋਸ਼ਿਸ਼ ਕਰਦਾ। ਉਹਦੇ ਦਿਲ ਵਿਚ ਇਸ ਵੇਲੇ ਸਭ ਤੋਂ ਵਡੀ ਹਸਰਤ ਯਕੀਨੀ ਇਹੀ ਹੋਵੇਗੀ 'ਕਾਸ਼ ! ਟਰੀਬਿਊਨ ਦੇ ਵਰਕੇ ਇਸ ਤੋਂ ਦੂਣੇ ਜਾਂ ਹੋਰ ਵੀ ਵਡੇਰੇ ਹੁੰਦੇ।' ਪਤਲੂਣ ਦੇ ਖੀਸੇ ਚੋਂ ਰੁਮਾਲ ਕਢਦਾ ਤੇ ਘੜੀ ਮੁੜੀ ਪਰਸਿਉ ਮੂੰਹ ਤੋਂ ਪੂੰਝਦਾ।

ਸੁਹਿਰਦ ਤੇ ਸਬਰ ਵਾਲੇ ਪਤੀ ਨੇ ਇਸ ਦੀ ਇਸ ਬੇ-ਆਰਾਮੀ ਨੂੰ ਮਹਿਸੂਸ ਕੀਤਾ ਤੇ ਦਿਲ ਹੀ ਦਿਲ ਵਿਚ ਸੋਚਣ ਲੱਗਾ ਕਿ ਇਹੋ ਜਿਹੇ ਸ਼ੋਖ਼ ਤੇ ਗੁਸਤਾਖ਼ੀ ਭਰੇ ਵਤੀਰੇ ਦੇ ਬਾਅਦ ਇਹ ਨੌ-ਜਵਾਨ ਹੁਣ ਕਿਹੋ ਜਿਹੇ ਸਲੂਕ ਦਾ ਹੱਕਦਾਰ ਹੈ ? ਪਹਿਲੋਂ ਅੱਖੀਆਂ ਜ਼ਰਾ ਕੁ ਗੰਭੀਰ ਹੋਈਆਂ, ਸ਼ਾਇਦ ਬਦਲੇ ਦੀ ਇੱਛਾ ਨਾਲ, ਪਰ ਝਟ ਹੀ ਮਗਰੋਂ ਉਨ੍ਹਾਂ ਵਿਚ ਕੁਝ ਖੇੜਾ ਲਿਸ਼ਕਿਆ। ਉਹ ਆਪਣੀ ਥਾਂ ਤੋਂ ਉਠਿਆ ਤੇ ਖਲੋਤੇ ਨੌ-ਜਵਾਨ ਨੂੰ ਕਹਿਣ ਲੱਗਾ।

"ਭੈਣ ਜੀ ਔਖੇ ਖਲੋਤੇ ਹੋਏ ਨੇ, ਤੁਸੀ ਇਨ੍ਹਾਂ ਨੂੰ ਮੇਰੀ ਸੀਟ ਉੱਤੇ ਆਪਣੇ ਭੈਣ ਜੀ ਨਾਲ ਬਿਠਾ ਦਿਉ, ਤੇ ਅਸੀ ਦੋਵੇਂ ਭਰਾ ਤਾਂ ਖੜੇ ਵੀ ਰਹਿ ਸਕਾਂਗੇ।"

ਸੁਣ ਕੇ ਨੌ-ਜਵਾਨ ਨੇ ਉਹਦੀਆਂ ਅੱਖੀਆਂ ਵਲ ਵੇਖਿਆ, ਉਨ੍ਹਾਂ ਅੱਖੀਆਂ ਵਲ ਜਿਨ੍ਹਾਂ ਵਿਚ 'ਬਦਲੇ' ਦੀ ਥਾਂ 'ਅਖ਼ਲਾਕ' ਲਿਸ਼ਕ ਰਿਹਾ ਸੀ। ਤ੍ਰੇਲੀਓ ਤ੍ਰੇਲੀ ਹੋ ਗਿਆ। ਵਹੁਟੀ ਨੂੰ ਤਾਂ ਖ਼ੈਰ ਉਸ ਨੇ ਉਸ ਸੀਟ ਉੱਤੇ ਬਿਠਾ ਦਿੱਤਾ ਤੇ ਬਾਕੀ ਸਾਰੀ ਵਾਟ ਉਹਦੀਆਂ ਅੱਖੀਆਂ ਉਤਾਂਹ ਉਠੀਆਂ ਤਕ ਨਾ, ਸ਼ਰਮਿੰਦਗੀ ਦੇ ਭਾਰ ਹੇਠੋਂ।

●

# ਕਾਕੇ ਦਾ ਨਾਂ ਰਖਿਆ

ਕੁੜਮਾਂ, ਭੈਣਾਂ, ਭਰਾਵਾਂ, ਭਣੇਵਿਆਂ, ਭਤੀਜਿਆਂ, ਚਾਚੀਆਂ, ਤਾਈਆਂ ਆਦਿ ਸਭ ਨੂੰ ਯਾਦ ਕੀਤਾ ਗਿਆ। ਸਭ ਨੇੜੇ-ਦੂਰ ਦੇ ਰਿਸ਼ਤੇਦਾਰਾਂ ਨੂੰ ਨਾਈ ਭੇਜਿਆ। ਇਲਾਕੇ ਦੇ ਇਕ ਪ੍ਰਸਿੱਧ ਮਹਾਤਮਾ ਜੀ ਦੀਆਂ ਲਖ ਲਖ ਮਿੰਨਤਾਂ ਕਰ ਕਰ ਕੇ, ਤੇ ਮੱਥੇ ਰਗੜ ਰਗੜ ਕੇ ਉਨ੍ਹਾਂ ਨੂੰ ਇਸ ਮੌਕੇ ਉੱਤੇ ਦਰਸ਼ਨ ਦੇਣ ਲਈ ਰਜ਼ਾਮੰਦ ਕੀਤਾ ਗਿਆ। ਲੂਣ, ਮਿਰਚ, ਹਰਦਲ, ਮਸਾਲਾ, ਦਾਲਾਂ, ਵੜੀਆਂ ਪਾਪੜ, ਮੈਦਾ, ਸੂਜੀ ਆਦਿ ਸਭ ਰਸਦਾਂ ਘਰ ਵਿਚ ਜਮ੍ਹਾਂ ਕੀਤੀਆਂ ਜਾਣ ਲਗੀਆਂ। ਕਣਕ ਦੀਆਂ ਬੋਰੀਆਂ ਛਟੀਆਂ ਤੇ ਪਿਹਾਈਆਂ ਜਾਣ ਲਗੀਆਂ, ਹਲਵਾਈਆਂ ਨੂੰ ਦੁਧ ਦਹੀਂ ਵਾਸਤੇ ਪੇਸ਼ਗੀਆਂ ਦਿੱਤੀਆਂ ਗਈਆਂ। ਕਿਧਰੇ ਕਿਸੇ ਸੰਬੰਧੀ ਨੂੰ ਘਿਉ ਦਾ ਇੰਤਜ਼ਾਮ ਕਰਨ ਵਾਸਤੇ ਲਿਖਿਆ ਗਿਆ। ਬਰਾਦਰੀ ਦੀ ਰੋਟੀ ਸੀ, ਇਲਾਕੇ ਵਿਚੋਂ ਸੰਤਾਂ ਦੇ ਬਹੁਤ ਸਾਰੇ ਸ਼ਰਧਾਲੂਆਂ ਨੇ ਵੀ ਆਵਣਾ ਸੀ,ਸੰਤਾਂ ਦੇ ਨਾਲ ਆਪਣੇ ਡੇਰੇ ਦੇ ਵੀ ਪੰਜਾਹ ਸਠ ਪ੍ਰੇਮੀ ਹੋਣਗੇ। ਗਲ ਕੀ, ਘਰ ਮਿਲਟਰੀ ਦਾ ਸਪਲਾਈ ਸਟੋਰ ਬਣ ਗਿਆ ਸੀ ਤੇ ਨਿੱਕੇ ਜਿਹੇ ਪਰਵਾਰ ਦਾ ਹਰ ਇਕ ਜੀਅ ਭੱਜਾ ਭੱਜਾ ਫਿਰ ਰਿਹਾ ਸੀ।

ਨੀਅਤ ਦਿਨ ਨੇੜੇ ਆ ਗਿਆ। ਰਿਸ਼ਤੇਦਾਰ ਬੱਚਿਆਂ ਸਮੇਤ ਪਹੁੰਚ ਪਏ। ਕਿਸੇ ਨੂੰ ਰਸਦ ਦਾ ਇਨਚਾਰਜ ਮੁਕੱਰਰ ਕੀਤਾ ਗਿਆ ਤੇ ਕਿਸੇ ਨੂੰ ਮੰਜਿਆਂ ਬਿਸਤਰਿਆਂ ਵਾਲੇ ਕਮਰੇ ਦੀ ਚਾਬੀ ਸੌਂਪੀ ਗਈ। ਘਰ ਵਿਚ ਸਭ ਤੋਂ ਵਡਾ ਕਮਰਾ, ਸਾਫ਼ ਕਰ, ਧੋ ਧਾ ਅਖੰਡ ਪਾਠ ਵਾਸਤੇ ਤਿਆਰ ਕੀਤਾ ਗਿਆ।

ਸੰਤ ਜੀ ਮਹਾਰਾਜ ਵੀ ਆ ਗਏ ਆਪਣੀ 'ਪੰਜਾਹ ਸਠ ਲਖ' ਫ਼ੌਜ ਸਮੇਤ, ਤੇ ਇਲਾਕੇ ਭਰ ਦੇ ਸ਼ਰਧਾਲੂ ਵੀ ਹੱਟੀਆਂ ਬੰਦ ਕਰ, ਦਫ਼ਤਰੋਂ ਛੁਟੀਆਂ ਲੈ, ਕਾਰ ਵਿਹਾਰ ਛੋਡ ਛੁਡਾ ਕੇ ਪਹੁੰਚ ਪਏ, ਇਕੱਲੇ ਇਕੱਲੇ ਨਹੀਂ, ਸਗੋਂ 'ਪਰਵਾਰਾਂ ਸਹਿਤ', ਤੇ ਇਕ ਉਸ ਘਰ ਉੱਤੇ ਟੁਟ ਪਏ, ਜਿਸਦੇ ਕਿਸੇ ਵੀਂਦੇ ਨੂੰ ਉਹ ਜਾਣਦੇ ਤਕ ਨਹੀਂ ਸਨ।

ਬੂਹੇ ਅਗੇ ਭੁਕਾਨੇ ਸੀਟੀਆਂ, ਵੇਚਣ ਵਾਲੇ, ਦੇਵਰ ਭਰਜਾਈ ਦੇ ਕਿੱਸੇ ਤੇ ਨਿੱਤ ਨੇਮ ਦੇ ਗੁਟਕੇ ਵੇਚਣ ਵਾਲੇ, ਮਲਾਈ ਦੀ ਬਰਫ਼ ਤੇ ਰਬੜੀ ਵੇਚਣ ਵਾਲੇ, ਤੇ ਨੌਂ-ਰੰਗ ਨੌਂ-ਸਵਾਦ ਮਠਿਆਈ, ਖੱਟਾ ਮਿੱਠਾ ਚੂਰਨ ਵੇਚਣ ਵਾਲੇ ਵੀ ਆ ਇਕੱਠੇ ਹੋਏ। ਅੰਦਰ ਅਖੰਡ ਪਾਠ ਹੋ ਰਿਹਾ ਸੀ ਤੇ ਬਾਹਰ ਬੱਚਿਆਂ ਦੇ ਭੁਕਾਨਿਆਂ ਦੀਆਂ ਪੀਪਣੀਆਂ ਨੇ ਰੌਣਕ ਮੇਲਾ ਲਾਇਆ ਹੋਇਆ ਸੀ। ਗਲ ਕੀ ਛਿਹਾਟੇ ਸਾਹਿਬ ਦੀ "ਬਸੰਤ ਪੰਚਮੀ" ਸੁੰਗੜ ਕੇ ਇਸ ਘਰ ਦੇ ਅੱਗੇ ਆ ਇਕੱਠੀ ਹੋਈ ਸੀ।

ਰਾਤੀਂ ਸੌਣ ਵੇਲੇ ਕਿਸੇ ਨੂੰ ਮੰਜਾ ਲਭਾ ਹੈ ਤੇ ਬਿਸਤਰਾ ਨਹੀਂ, ਖੇਸ ਮਿਲਿਆ ਹੈ ਤੇ ਸਰ੍ਹਾਣਾ ਨਹੀਂ, ਕਿਤੇ ਦੋਹਾਂ ਜ਼ਨਾਨੀਆਂ ਨੇ ਖਿੱਚ ਖਿੱਚ ਕੇ ਖੇਸ ਦੇ ਦੋ ਟੋਟੇ ਕਰ ਛਡੇ ਨੇ। ਕਿਧਰੇ ਬੱਚਿਆਂ ਨੇ ਬਿਸਤਰਾ ਗੰਦਾ ਕਰ ਰਖਿਆ ਹੈ। ਇਸ ਭੀੜ-ਭੜੱਕੇ ਵਿਚ ਘਰ ਵਾਲੇ ਸੰਞਾਨਣ ਹੁੰਦੇ ਨੇ ਤਾਂ ਸਿਰਫ਼ ਇਸ ਗਲੋਂ, ਕਿ ਉਹ ਸਭ ਤੋਂ ਵਧ ਥੱਕੇ ਟੁਟੇ ਹੋਏ ਨੇ, ਸਭ ਤੋਂ ਵਧ ਉਨੀਂਦਰੇ ਕਟ ਕਟ ਕੇ ਥਾਂ ਥਾਂ ਬੈਠੇ ਊਂਘ ਰਹੇ ਨੇ ਤੇ ਰੌਲਾ ਪਾ ਪਾ, ਉੱਚੀਆਂ ਅਵਾਜ਼ਾਂ ਮਾਰ ਮਾਰ, ਸਭ ਦੇ ਸੰਘੇ ਬੈਠੇ ਹੋਏ ਨੇ। ਨਾ ਆਵਣ ਵਾਲੇ ਪਰਾਹੁਣਿਆਂ ਨੂੰ ਪੂਰਾ ਆਰਾਮ ਮਿਲਿਆ ਹੈ ਨਾ ਘਰ ਵਾਲਿਆਂ ਨੂੰ ਕੋਈ ਸੁਖ ਸਵਾਦ।

ਇਹ ਸਾਰੀ ਬੇ ਆਰਾਮੀ ਤੇ ਬੇ-ਸਵਾਦੀ ਕਿਸ ਵਾਸਤੇ ਸਹੇੜੀ ਗਈ ਹੈ? ਸਿਰਫ਼ ਇਸ ਵਾਸਤੇ ਕਿ ਇਕ ਸਿਕਾਈ-ਦੇ ਬੱਚੇ ਦਾ ਨਾਂ ਰਖਿਆ ਜਾਣਾ ਹੈ, ਘਰ ਵਾਲਿਆਂ ਨੇ ਸੁਖਣਾ ਸੁਖੀ ਹੋਈ ਹੈ ਕਿ ਇਸ ਕਾਕੇ ਦਾ ਨਾਂ ਇਨ੍ਹਾਂ ਸੰਤਾਂ ਦੇ ਪਵਿੱਤ੍ਰ ਮੁਖਾਰਬਿੰਦ ਤੋਂ ਰਖਵਾਣਾ ਹੈ।

ਰੌਲੇ ਗੌਲੇ ਵਿਚ ਅਖੰਡ ਪਾਠ ਦਾ ਭੋਗ ਪਿਆ, ਬੱਚੇ ਨੂੰ ਝੋਲੀ ਵਿਚ ਚੁਕ ਕੇ ਹਜ਼ੂਰੀ ਵਿਚ ਲਿਆਂਦਾ ਗਿਆ। ਤਾਬਿਆ ਵਿਚ ਬੈਠੇ ਪਾਠੀ ਸਿੰਘ ਜੀ ਨੇ ਨਾਂ ਰਖਣ ਵਾਸਤੇ ਗੁਰੂ ਮਹਾਰਾਜ ਦਾ ਵਾਕ ਲਿਆ। ਸ਼ਬਦ ਦਾ ਪਹਿਲਾ ਅੱਖਰ 'ਅ' ਨਿਕਲਿਆ। ਘਰ ਵਾਲਿਆਂ ਨੇ ਗਲ ਵਿਚ ਪੱਲਾ ਪਾ ਕੇ 'ਸੰਤਾਂ' ਨੂੰ ਨਾਂ ਰਖਣ ਵਾਸਤੇ ਬੇਨਤੀ ਕੀਤੀ। 'ਮਹਾਤਮਾ ਜੀ' ਨੂੰ ਕੀ ਪਤਾ ਸੀ ਕਿ ਸਿੱਖਾਂ ਦੇ ਨਾਂ ਅਜ ਕਲ੍ਹ ਕਿਹੋ ਜਿਹੇ ਫ਼ੈਸ਼ਨੇਬਲ ਹੋ ਗਏ ਨੇ। 'ਅ' ਅੱਖਰ ਸੁਣ ਕੇ ਉਨ੍ਹਾਂ ਦੀਆਂ ਅੱਖੀਆਂ ਅੱਗੇ ਪ੍ਰਸਿੱਧ ਮਹਾਤਮਾ, ਸੰਤ ਅਤਰ ਸਿੰਘ ਜੀ ਆ ਗਏ। ਸੋ ਉਨ੍ਹਾਂ ਨੇ ਝਟ ਹੁਕਮ ਕੀਤਾ "ਅਤਰ ਸਿੰਘ।"

ਸੰਤਾਂ ਦੇ ਮੁਖਾਰਬਿੰਦ ਤੋਂ ਇਹ ਵਾਕ ਨਿਕਲਣ ਦੀ ਦੇਰ ਸੀ ਕਿ ਉਨ੍ਹਾਂ ਦੇ 'ਲੈਫ਼ਟੀਨੈਂਟ' ਸਾਹਿਬ ਦੇ ਪਿੱਛੇ ਸੰਗਤਾਂ ਨੇ ਪਰਵਾਨਗੀ ਦਾ ਜੈਕਾਰਾ ਗਜਾ ਦਿੱਤਾ। ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ।

ਕਾਕੇ ਦਾ ਨਾਂ ਅਤਰ ਸਿੰਘ ਰਖ ਦਿੱਤਾ ਗਿਆ ਤੇ ਘਰ ਵਾਲਿਆਂ ਪਾਸੋਂ ਪੁੱਛਿਆ ਵੀ ਨਾ ਗਿਆ। ਨੌਜਵਾਨ ਮਾਂ ਸੁਣ ਕੇ ਬੜੀ ਨਿਰਾਸ ਹੋਈ।

"ਇਹ ਤਾਂ ਪੁਰਾਣਾ ਜਿਹਾ ਨਾਂ ਏ, ਬੁਢਿਆਂ ਵਾਲਾ।"

ਕਾਕੇ ਦੇ ਮਾਮਿਆਂ ਨੇ ਵੀ ਨਾਂ ਨੂੰ ਪਸੰਦ ਨਾ ਕੀਤਾ, "ਇਹ ਤਾਂ ਸੁਹਣਾ ਜਿਹਾ ਨਹੀਂ।"

"ਮੈਂ ਤਾਂ ਇਹ ਨਾਂ ਬੁਲਾਣਾ ਈ ਨਹੀਂ, ਮੇਰੇ ਜੇਠ ਦਾ ਇਹੋ ਜਿਹਾ ਨਾਂ ਏ।" ਕਾਕੇ ਦੀ ਮਾਸੀ ਬੋਲੀ।

"ਤੇ ਮੈਂ ਕਿਸ ਤਰ੍ਹਾਂ ਬੁਲਾਵਾਂਗੀ? ਤੁਸਾਂ ਤਾਂ ਕਾਕੇ ਦਾ ਨਾਂ 'ਇਨ੍ਹਾਂ' ਵਰਗਾ ਰੱਖ ਦਿੱਤਾ ਏ।" ਕਾਕੇ ਦੀ ਭੂਆ ਨੇ ਪ੍ਰੋਟੈਸਟ ਕੀਤਾ।

ਨੇੜੇ ਦੇ ਸਾਕ ਸਾਰੇ ਹੀ ਨਿਰਾਸ ਹੋ ਗਏ, ਕਿਉਂਕਿ ਸੰਤਾਂ ਦਾ ਰਖਿਆ ਨਾਂ ਕਿਸੇ ਨੂੰ ਵੀ 'ਮਾਫ਼ਕ' ਨਹੀਂ ਸੀ ਆ ਰਿਹਾ। "ਹੁਣ ਕੀ ਕੀਤਾ ਜਾਇ।" ਸਾਰੇ ਕਹਿ ਰਹੇ ਸਨ।

ਸੰਤ ਜੀ ਮਹਾਰਾਜ ਦੇ ਇਕ ਲੈਫ਼ਟੀਨੈਂਟ ਦੀ ਕੰਨੀ ਇਹ ਘੋਰ-ਮਸੋਰੇ

ਪੈ ਗਏ। ਉਨ੍ਹੇ ਸਮਝਿਆ ਕਿ ਸ਼ਰਧਾਲੂ ਬਾਗ਼ੀ ਹੋਣ ਲੱਗੇ ਨੇ। ਸੋ ਝਟ ਜ਼ਰਾ ਕੁ ਰੋਹਬ ਵਿਚ ਆ ਕੇ ਕਹਿਣ ਲਗਾ,"ਜੋ ਨਾਂ ਮਹਾਰਾਜ ਜੀ ਨੇ ਰੱਖ ਦਿੱਤਾ ਸੋ ਰੱਖ ਦਿੱਤਾ, ਉਹੀ ਠੀਕ ਹੈ। ਹੁਣ ਉਸ ਨੂੰ ਕੋਈ ਨਹੀਂ ਬਦਲ ਸਕਦਾ।"

ਇਹ ਵੇਖ ਕੇ ਇਕ 'ਘਟ-ਸ਼ਰਧਾਲੂ' ਸਿਖ ਨੌਜਵਾਨ, ਕਾਕੇ ਦੇ ਸਬੰਧੀਆਂ ਨੂੰ ਔਕੜ ਵਿਚ ਫਸਿਆਂ ਵੇਖ, ਮਦਦ ਵਾਸਤੇ ਪਹੁੰਚ ਪਿਆ ਤੇ 'ਲੈਫ਼ਟੀਨੈਂਟ' ਜੀ ਪਾਸ ਜਾ ਕੇ ਕਹਿਣ ਲੱਗਾ।

"ਇਸ ਦੇ ਵਿਚ ਤਾਂ ਸ਼ੱਕ ਨਹੀਂ ਕਿ ਸੰਤਾਂ ਦਾ ਰਖਿਆ ਹੋਇਆ ਨਾਂ ਹੋਰ ਕੋਈ ਨਹੀਂ ਬਦਲ ਸਕਦਾ, ਪਰ ਸੰਤ ਜੀ ਮਹਾਰਾਜ ਆਪ ਚਾਹੁਣ ਫਿਰ ਤਾਂ ਬਦਲੱਾ ਸਕਦੇ ਨੇ ?" ਇਹ ਸੰਤਾਂ ਦੀ ਗੁਝੀ ਜਹੀ ਖੁਸ਼ਾਮਦ ਸੀ, "ਅਸੀ ਉਨ੍ਹਾਂ ਪਾਸ ਅਪੀਲ ਕਰ ਵੇਖਦੇ ਹਾਂ, ਸ਼ਾਇਦ ਮਨਜ਼ੂਰ ਕਰ ਹੀ ਲੈਣ। ਤੁਸੀ ਸਾਨੂੰ ਆਗਿਆ ਦਿਉ ।" ਕਹਿ ਕੇ ਉਹਨੇ ਨਾਲ ਹੀ ਲੈਫ਼ਟੀਨੈਂਟ ਸਾਹਿਬ ਦੀ ਵੀ ਝੋਲੀ ਚੁਕ ਦਿੱਤੀ।

ਖ਼ੈਰ, ਅਪੀਲ ਪੇਸ਼ ਕਰਨ ਦੀ ਆਗਿਆ ਲੈ ਕੇ 'ਘਟ-ਸ਼ਰਧਾਲੂ' ਸਿੱਖ ਸੰਤਾਂ ਪਾਸ ਪੁੱਜਾ। ਦਿਲ ਵਿਚ ਉਹਨੇ ਸੋਚਿਆ, ਕਿ ਜੇ ਸੰਤ ਜੀ ਮਹਾਰਾਜ ਅਪੀਲ ਮੰਨ ਕੇ ਨਾਂ ਬਦਲਣ ਵਾਸਤੇ ਤਿਆਰ ਵੀ ਹੋ ਗਏ, ਤੇ ਦੂਜਾ ਨਾਂ ਵੀ ਕੋਈ ਅਜਿਹਾ ਰੱਖ ਦਿੱਤਾ ਜਿਹੜਾ ਇਹੋ ਜਿਹਾ 'ਇਤਰਾਜ਼-ਯੋਗ' ਹੋਇਆ, ਤਾਂ ਫੇਰ ਨਵੇਂ ਸਿਰੋਂ ਮੁਸੀਬਤ ਬਣ ਜਾਇਗੀ । ਇਸ ਵਾਸਤੇ ਚੰਗਾ ਇਹੋ ਰਹੇਗਾ ਕਿ ਨਾਂ ਆਪ ਹੀ ਚੁਣ ਲਿਆ ਜਾਇ ਤੇ ਸੰਤਾਂ ਪਾਸੋਂ ਪਹਿਲਾ ਹੁਕਮ ਮਨਸੂਖ਼ ਕਰਾ ਕੇ ਨਵੇਂ ਦੀ ਮਨਜ਼ੂਰੀ ਲੈ ਲਈ ਜਾਇ।

ਅਪੀਲ ਪੇਸ਼ ਹੋ ਗਈ,ਤਾਂ ਸੰਤਾਂ ਨੇ ਘਰ ਵਾਲਿਆਂ ਦੀ ਔਕੜ ਸੁਣ ਕੇ ਪੁਛਿਆ "ਫੇਰ ਪ੍ਰੇਮੀਆ ! ਕੀ ਨਾਂ ਰਖ ਦਈਏ ?"

"ਜੀ ਮਹਾਰਾਜ ! ਘਰ ਵਾਲੇ ਕਹਿੰਦੇ ਨੇ ਕਿ ਅ ... ਸਿੰਘ ਨਾਂ ਰਖ ਦਿਉ।"

"ਚੰਗਾ ਅ ... ... ਸਿੰਘ ਹੀ ਸਹੀ।" ਸੰਤਾਂ ਨੇ ਫੁਰਮਾ ਦਿੱਤਾ।

ਇਕ ਹੋਰ ਅਗਲੇ ਤੋਂ ਵੀ ਉਚੇਰਾ ਜੈਕਾਰਾ ਛਡਿਆ ਗਿਆ ਤੇ ਸੰਤਾਂ ਦੀ ਥਾਂ ਆਪ ਹੀ ਕਾਕੇ ਦਾ ਮਨ-ਭਾਉਂਦਾ ਨਾਂ ਰਖ ਲਿਆ ਗਿਆ।

ਇਹ ਵੇਖ ਕੇ ਉਸ ਨੌਜਵਾਨ ਨੇ ਦਿਲ ਵਿਚ ਸੋਚਿਆ ਕਿ ਜੇ ਨਾਂ ਆਪੇ ਹੀ ਰਖਣਾ ਸੀ ਤਾਂ ਇਹ ਸਾਰੀ ਬੇ-ਆਰਾਮੀ ਕਾਹਨੂੰ ਸਹੇੜਨੀ ਸੀ?

●

# ਚਾਹ-ਪਾਣੀ

ਉਹ ਹਫਿਆ ਹਫਿਆ ਚੁੰਗੀ ਤੇ ਪਹੁੰਚਾ। ਮੁੜ੍ਹਕਾ ਉਹਦੇ ਮਥਿਉਂ ਚੋ ਰਿਹਾ ਸੀ ਤੇ ਪੀਲੀ ਜਹੀ ਪਰਚੀ ਉਹਦੇ ਹੱਥ ਵਿਚ ਸੀ।

ਗੱਲ ਅਸਲ ਵਿਚ ਇਉਂ ਹੋਈ ਸੀ, ਕਿ ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਮਾਲ ਛੁੜਾ ਕੇ ਉਸ ਨੇ ਮਿਊਂਸਪੈਲਟੀ ਦੀ ਹਦ ਵਿਚ ਦੀ ਲੰਘਦੀ ਸੜਕੇ, ਟਾਂਗੇ ਉੱਤੇ ਇਕ ਪਿੰਡ ਵਿਚ ਲਿਜਾਣਾ ਸੀ। ਉਸ ਨੇ ਸਟੇਸ਼ਨ ਉਤਲੀ ਕਮੇਟੀ ਦੀ ਚੁੰਗੀ ਤੋਂ ਦੋ ਆਨੇ ਦੇ ਕੇ ਮਾਲ ਦੀ ਬਰਾਮਦਗੀ ਦੀ ਪਰਚੀ ਲੈ ਲਈ ਸੀ, ਜਿਹੜੀ ਕਿ ਕਮੇਟੀ ਦੀ ਸ਼ਹਿਰੋਂ ਨਿਕਲਦੀ ਚੁੰਗੀ ਉੱਤੇ ਦੇ ਕੇ ਤਸਦੀਕ ਕਰਾਣੀ ਸੀ ਕਿ ਮਾਲ ਠੀਕ ਕਮੇਟੀ ਦੀ ਹਦੋਂ ਬਾਹਰ ਨਿਕਲ ਗਿਆ ਹੈ, ਪਰ ਕਿਸੇ ਨਾਲ ਬੈਠੇ ਨਾਲ ਗੱਲਾਂ ਕਰਦਿਆਂ ਕਰਾਂਦਿਆਂ ਟਾਂਗਾ ਕਮੇਟੀ ਦੀ ਚੁੰਗੀਉਂ ਅੱਗੇ ਲੰਘ ਗਿਆ ਤੇ ਉਹਨੂੰ ਪਰਚੀ ਦੇ ਕੇ ਮਾਲ ਦੀ ਬਰਾਮਦਗੀ ਤਸਦੀਕ ਕਰਾਣੀ ਯਾਦ ਨਾ ਰਹੀ। ਤਾਹੀਉਂ ਪਤਾ ਲਗਾ ਜਦੋਂ ਟਾਂਗਾ ਪਿੰਡ ਦੇ ਅੱਡੇ ਉੱਤੇ ਆਣ ਖਲੋਤਾ।

ਹੁਣ, ਇਸ ਮਾਲ ਦਾ ਮਸੂਲ ਦਸ ਬਾਰਾਂ ਰੁਪਏ ਦੇਣਾ ਪੈ ਜਾਣਾ ਸੀ ਤੇ ਨਾਲ ਹੀ ਇਤਨੀ ਕੁ ਰਕਮ ਜੁਰਮਾਨੇ ਦੀ ਵੀ ਰਲ ਜਾਣ ਦਾ ਡਰ ਸੀ। ਇਸ ਨੇ ਮਾਲ ਜਿਉਂ ਦਾ ਤਿਉਂ ਅੱਡੇ ਉੱਪਰ ਰਖਿਆ, ਉਥੋਂ ਈ ਇਕ ਵਾਕਫ਼ ਦਾ ਸਾਈਕਲ ਫੜਿਆ, ਤੇ ਭੱਜਾ ਭੱਜਾ ਫੇਰ ਵਾਪਸ ਚੁੰਗੀ ਤੇ ਆ ਗਿਆ।

"ਹੁਣੇ ਦਸ ਮਿੰਟ ਹੀ ਹੋਏ ਨੇ ਕਿ ਮੇਰਾ ਇਹ ਮਾਲ ਟਾਂਗੇ ਉੱਤੇ ਅੱਗੇ ਲੰਘ ਗਿਆ ਹੈ, ਤੇ ਪਰਚੀ ਮੈਨੂੰ ਦੇਣੀ ਯਾਦ ਨਹੀਂ ਰਹੀ।" ਉਸ

ਨੇ ਪਰਚੀ, ਕੁਰਸੀ ਉੱਤੇ ਬੈਠੇ, ਹੁੱਕੇ ਦੇ ਕਸ਼ ਲਾ ਰਹੇ ਚੁੰਗੀ-ਮੁਹੱਰਰ ਨੂੰ ਦੱਸ ਕੇ ਕਿਹਾ। "ਜੇ ਤੁਸੀ ਚਾਹੋ ਤਾਂ ਤੁਹਾਡੀ ਤਸੱਲੀ ਵਾਸਤੇ ਮੈਂ ਉਸੇ ਟਾਂਗੇ ਉੱਤੇ ਮਾਲ ਵਾਪਸ ਲੈ ਆਂਵਦਾ ਹਾਂ।"

"ਪਰ ਮੇਰੀ ਤਸੱਲੀ ਵਾਸਤੇ ਇਤਨਾ ਹੀ ਕਾਫ਼ੀ ਨਹੀਂ।"

"ਫੇਰ ਤੁਸੀ ਟਾਂਗੇ ਵਾਲੇ ਪਾਸੋਂ ਪੁਛ ਸਕਦੇ ਹੋ।"

"ਟਾਂਗੇ ਵਾਲਾ ਕੋਈ ਮੁਹਤਬਿਰ ਸਬੂਤ ਨਹੀਂ।"

"ਟਾਂਗੇ ਵਿਚ ਮੇਰੇ ਨਾਲ ਬੈਠੀ ਕੋਈ ਮੁਹਤਬਿਰ ਸਵਾਰੀ ਤੁਹਾਡੀ ਤਸੱਲੀ ਕਰਾ ਸਕੇ ਤਾਂ।"

"ਨਹੀਂ ਜੀ, ਇਹ ਕੋਈ ਕਾਨੂੰਨ ਨਹੀਂ।" ਮੁਨਸ਼ੀ ਹੁਰਾਂ ਨੇ ਹੁੱਕੇ ਦਾ ਇਕ ਕਸ਼ ਲਾ ਕੇ ਮੂੰਹ ਪਰਲੇ ਪਾਸੇ ਕਰ ਲਿਆ।

"ਬੇਸ਼ਕ ਕਾਨੂੰਨ ਤਾਂ ਇਹ ਨਹੀਂ, ਪਰ ਕਾਨੂੰਨ ਦਾ ਮਨਸ਼ਾ ਜ਼ਰੂਰ ਇਹ ਹੈ।" ਉਸ ਨੇ ਕਿਹਾ।

"ਕਿ ਮੈਂ ਤੁਹਾਡਾ ਮਾਲ ਬਾਹਰ ਜਾਂਦਾ ਵੇਖੇ ਬਿਨਾਂ ਹੀ ਤਸਦੀਕ ਕਰ ਦੇਵਾਂ?" ਮੁਨਸ਼ੀ ਹੁਰੀਂ ਜ਼ਰਾ ਕੁ ਤਲਖ਼ ਹੋਏ।

"ਨਹੀਂ, ਇਹ ਨਹੀਂ, ਸਗੋਂ ਇਹ ਕਿ ਤੁਸੀ ਇਸ ਗੱਲ ਦੀ ਤਸੱਲੀ ਕਰ ਲਵੋ ਕਿ ਮਾਲ ਸ਼ਹਿਰ ਦੀ ਹੱਦ ਦੇ ਅੰਦਰ ਨਹੀਂ ਵੇਚਿਆ ਗਿਆ ਤੇ ਯਕੀਨੀ ਬਾਹਰ ਚਲਾ ਗਿਆ ਹੈ। ਇਹ ਤਸੱਲੀ ਕਰਾਣ ਵਾਸਤੇ ਜੇ ਤੁਸੀ ਚਾਹੋ ਮੈਂ ਕਰ ਸਕਦਾ ਹਾਂ ਮਾਲ। ਦਿਖਾ ਸਕਦਾ ਹਾਂ, ਟਾਂਗੇ ਵਾਲੇ ਦੀ ਸ਼ਹਾਦਤ ਦਵਾ ਸਕਦਾ ਹਾਂ, ਨਾਲ ਬੈਠੀ ਕਿਸੇ ਮੁਹਤਬਿਰ ਸਵਾਰੀ ਪਾਸੋਂ ਤਸਦੀਕ ਕਰਾ ਸਕਦਾ ਹਾਂ, ਜੇ ਮੇਰਾ ਆਪਣਾ ਬਿਆਨ ਤੁਹਾਡੀ ਤਸੱਲੀ ਨਾ ਕਰਾ ਸਕਦਾ ਹੋਵੇ ਤਾਂ।"

ਕੋਲ ਖਲੋਤਾ ਚਪੜਾਸੀ, ਜੋ ਇਹ ਸਭ ਕੁਝ ਸੁਣ ਰਿਹਾ ਸੀ, ਕੋਈ ਇਸ਼ਾਰਾ ਪਾ ਕੇ, ਜਾਂ ਨਿਤ ਦਿਹਾੜੀ ਦੇ ਤਰੀਕੇ ਅਨੁਸਾਰ, ਉਹਨੂੰ ਬਾਹੋਂ ਫੜ ਕੇ ਜ਼ਰਾ ਕੁ ਨਵੇਕਲਾ ਲੈ ਗਿਆ ਤੇ ਆਖਣ ਲੱਗਾ।

"ਸਰਦਾਰ ਜੀ! ਇਹੋ ਜਹੇ ਵੇਲੇ ਬਹਿਸ ਨਹੀਂ ਛੇੜ ਦਈਦੀ।

ਮਤਲਬ ਕਢਣ ਦੀ ਕਰੀਦੀ ਏ।ਕਾਨੂੰਨ ਮੁਤਾਬਕ ਤੁਹਾਨੂੰ ਪੰਝੀਆਂ ਤੀਹਾਂ ਦੀ ਚੱਟੀ ਭਰਨੀ ਪੈ ਜਾਇਗੀ। ਮੁਨਸ਼ੀ ਹੋਰਾਂ ਨੂੰ ਚਾਹ-ਪਾਣੀ ਦੇ ਦਿਉ। ਤੁਹਾਨੂੰ ਪਤਾ ਈ ਏ ਕਾਨੂੰਨ ਕੀ ਏ ?"

"ਇਹ ਤਾਂ ਮੈਨੂੰ ਸ਼ਾਇਦ ਚੰਗਾ ਜਿਹਾ ਪਤਾ ਨਾ ਹੋਵੇ ਕਿ ਕਾਨੂੰਨ ਕੀ ਏ, ਪਰ ਇਤਨਾ ਮੈਂ ਜ਼ਰੂਰ ਜਾਣਦਾ ਹਾਂ ਕਿ ਕਾਨੂੰਨ ਵਿਚ ਇਹ ਕਿਤੇ ਵੀ ਦਰਜ ਨਹੀਂ ਕਿ ਜੇ ਤੁਸੀ ਸਹਿਜ ਸੁਭਾ ਪਰਚੀ ਅੱਗੇ ਲੈ ਜਾਉ ਤਾਂ ਮੁਨਸ਼ੀ ਹੁਰਾਂ ਨੂੰ 'ਚਾਹ-ਪਾਣੀ' ਦੇ ਦੇਣ ਨਾਲ ਕਾਨੂੰਨ ਦਾ ਮਨਸ਼ਾ ਪੂਰਾ ਹੋ ਸਕਦਾ ਹੈ।" ਉਸ ਨੇ ਉਚਿਆਂ ਉਚਿਆਂ ਕਿਹਾ ਤਾਂ ਜੁ ਨੇੜੇ ਹੀ ਖਲੋਤੇ ਹੋਇ ਮੁਨਸ਼ੀ ਜੀ ਵੀ ਸੁਣ ਸਕਣ। "ਮੈਂ ਕਾਨੂੰਨ ਨੂੰ ਲੋਕਾਂ ਵਾਂਗ ਨਹੀਂ ਸਗੋਂ ਹੋਰ ਤਰ੍ਹਾਂ ਵੇਖਣ ਦਾ ਆਦੀ ਹਾਂ। ਕਾਨੂੰਨ ਦੇ ਮਾਤਹਿਤ ਇਖ਼ਲਾਕ ਵਧਣਾ ਚਾਹੀਦਾ ਏ, ਨਾਕਿ ਬਦ-ਇਖ਼ਲਾਕੀ ਤੇ ਰਿਸ਼ਵਤ, ਸੋ ਜੇ ਹੁਣ ਵੀ ਮੁਨਸ਼ੀ ਹੋਰੀਂ ਆਪਣੀ ਤਸੱਲੀ ਹੋਈ ਨਾ ਸਮਝਣ ਤਾਂ ਮੈਂ ਇਹਨਾਂ ਨੂੰ "ਚਾਹ-ਪਾਣੀ" ਦੀ ਰਿਸ਼ਵਤ ਦੇ ਕੇ, ਇਨ੍ਹਾਂ ਨੂੰ ਤੇ ਆਪਣੇ ਆਪ ਨੂੰ ਮੁਜ-ਰਮ ਬਣਾਨ ਨਾਲੋਂ ਅਦਾਲਤ ਵਿਚ ਵੀਹ ਪੰਝੀ ਰੁਪਏ ਚੱਟੀ ਭਰ ਦੇਣੀ ਚੰਗੀ ਸਮਝਾਂਗਾ।"

ਮੁਨਸ਼ੀ ਹੁਰੀਂ ਇਹ ਸਭ ਕੁਝ ਸੁਣ ਰਹੇ ਸਨ। ਚਪੜਾਸੀ ਦੀ ਪ੍ਰੇਰਨਾ ਐਵੇਂ ਜਾਂਦੀ ਵੇਖ ਕੇ ਕਹਿਣ ਲੱਗੇ,"ਸਰਦਾਰ ਜੀ ! ਪਰਚੀ ਮੈਨੂੰ ਦੇ ਦਿਉ। ਮੈਂ ਤਸਦੀਕ ਕਰ ਦੇਵਾਂ, ਬਸ ਮੇਰੀ ਤਸੱਲੀ ਹੋ ਗਈ ਹੈ।"

# ਸੁੱਖੀਂ-ਲੱਧਾ ਭਤਰੀਆ

"ਆਓ ਮਾਈ ! ਜੀਉ ਆਇਆਂ ਨੂੰ।"

ਦੁਕਾਨਦਾਰ ਨੇ ਦੁਕਾਨ ਤੇ ਆਏ ਗਾਹਕ—ਇਕ ਪਕੇਰੀ ਜਿਹੀ ਉਮਰ ਦੀ ਬੁੱਢੀ – ਦਾ ਸਵਾਗਤ ਕਰਦਿਆਂ ਹੋਇਆਂ ਕਿਹਾ, ਤੇ ਉਹ ਜਦੋਂ ਨਿੱਠ ਕੇ ਬਹਿ ਗਈ ਤਾਂ ਪੁੱਛਿਆ।

"ਸੁਣਾਓ ਕੀ ਦਿਆਂ ?"

"ਇਕ ਰੁਮਾਲ ਤੇ ਇਕ ਕੁੜਤੀ ਲੈਣੀ ਏ, ਭਾਈ !" ਮਾਈ ਨੇ ਸਾਰੀ ਹੱਟੀ ਵਿਚ ਨਜ਼ਰ ਮਾਰ ਕੇ ਕਿਹਾ।

"ਕਿਹੋ ਜਿਹੇ ਹੋਣ, ਮਾਈ ਜੀ ! ਘਰ ਵਰਤਣ ਵਾਸਤੇ, ਜਾਂ ਕੋਈ 'ਥਾਂ ਭੁਗਤਾਣ' ਵਾਸਤੇ ?" ਬਜ਼ਾਜ਼ ਨੇ ਰੁਮਾਲਾਂ ਵਾਲੇ ਡੱਬੇ ਫੋਲਦਿਆਂ ਫੋਲਦਿਆਂ ਪੁੱਛਿਆ।

"ਭੁਗਤਾਣੀ ਤਾਂ ਥਾਂ ਈ ਏ ਪਰ ਕੋਈ ਬਿਗਾਨੀ ਨਹੀਂ। ਅੱਲਾ ਨੇ ਬੜਾ ਫ਼ਜ਼ਲ ਕੀਤਾ ਏ ਤੇ ਮੇਰੇ ਭਰਾ ਦੇ ਘਰ ਚਿਰਾਂ ਪਿੱਛੋਂ ਸਿਕਾਈ-ਦਾ ਪੁੱਤਰ ਹੋਇਆ ਏ।" ਮਾਈ ਨੂੰ ਭਤਰੀਏ ਦਾ ਚਾਅ ਸੀ।

"ਲੈ ਮਾਈ ! ਫੇਰ ਚੰਗਾਂ ਈ ਲੈ।" ਦੁਕਾਨਦਾਰ ਨੇ ਇਕ ਡੱਬਾ ਖੋਹਲਿਆ ਤੇ ਇਕ ਰੁਮਾਲ ਨੂੰ ਚੰਗਾ ਪਟਾਕਾ ਮਾਰ ਕੇ ਮਾਈ ਦੇ ਸਾਹਮਣੇ ਸੁਟਿਆ। ਮਾਈ ਨੂੰ ਰੁਮਾਲ ਚੰਗਾ ਲੱਗਾ।

"ਕਿਤਨੇ ਪੈਸੇ ਭਾਈ !"

"ਪੰਜਾਂ ਆਨਿਆਂ ਦਾ ਰੁਮਾਲ ਏ, ਬੜਾ ਵਧੀਆ।" ਦੁਕਾਨਦਾਰ ਨੇ ਮਗਰੋਂ ਕਿਹਾ।

...LIBRARY, SRINA...

"ਕੀ ਕਿਹਾ ਈ ? ਪੰਜਾਂ ਆਨਿਆਂ ਦਾ ? ਨਾ ਭਾਈ, ਕੋਈ ਹੌਲਾ ਜਿਹਾ ਕੱਢ।" ਮਾਈ ਜ਼ਰਾ ਕੁ ਸਿਰ ਹਿਲਾ ਕੇ ਬੋਲੀ।

ਦੁਕਾਨਦਾਰ ਨੇ ਇਕ ਹੋਰ ਡੱਬਾ ਕੱਢ ਕੇ ਪਹਿਲੇ ਵਾਂਗ ਈ ਇਕ ਰੁਮਾਲ ਮਾਈ ਨੂੰ ਵਿਖਾਇਆ, "ਲੈ ਮਾਈ ਹੌਲਾ ਈ ਲੈ। ਚਹੁੰਆਂ ਆਨਿਆਂ ਦਾ, ਵੇਖ ਖਾਂ ਕਹੇ ਸੁਹਣੇ ਫੁਲ ਨੇ, ਤੇ ਕਪੜਾ ਵੀ ਕਿੰਨਾ ਵਧੀਆ ਏ ?"

"ਨਾ ਭਾਈ, ਕੋਈ ਹੌਲਾ ਜਿਹਾ ਦਸ ! ਮੈਂ ਆਖਿਆ ਏ ਕੋਈ ਹੌਲਾ ਜਿਹਾ ਈ ਹੋਵੇ, ਮੈਂ ਕੋਈ ਨਹੀਓਂ ਲੈਣਾ ਚਹੁੰਆਂ ਆਨਿਆਂ ਦਾ। ਕੋਈ ਹੋਰ ਰਿਆਇਤ-ਵੰਦਾ ਜਿਹਾ ਦਸ, ਹਈ ਤਾਂ।" ਤੇ ਮਾਈ ਨੇ ਫੇਰ ਰੁਮਾਲਾਂ ਦੇ ਡੱਬਿਆਂ ਵਲ ਗਹੁ ਕਰ ਕੇ ਵੇਖਿਆ।

ਦੁਕਾਨਦਾਰ ਉਠਿਆ ਤੇ ਡੱਬਿਆਂ ਵਿੱਚੋਂ ਢੂੰਡ-ਢਾਂਡ ਕੇ ਹੋਰ ਦੋ ਡੱਬੇ ਕੱਢ ਲਿਆਇਆ, "ਲੈ ਮਾਈ ਫਿਰ ਇਹ ਤ੍ਰੈਹਾਂ ਆਨਿਆਂ ਦਾ ਲੈ ਲੈ ਬੜਾ ਚੰਗਾ ਰੁਮਾਲ ਈ, ਵਧੀਆ।"

"ਕੀ ਕਿਹਾ ਈ ? ਤ੍ਰਿਹਾਂ ਆਨਿਆਂ ਦਾ ?" ਮਾਈ ਨੇ ਦੁਲਿਹਾਰ ਕੇ ਤਸੱਲੀ ਕਰਨੀ ਚਾਹੀ।

"ਹਾਂ ਮਾਈ ! ਤ੍ਰਿਹਾਂ ਆਨਿਆਂ ਦਾ।"

"ਏਡਾ ਮਹਿੰਗਾ ?" ਮਾਈ ਨੇ ਹੈਰਾਨ ਹੋ ਕੇ ਪੁਛਿਆ, "ਏਡਾ ਮਹਿੰਗਾ ਮੈਂ ਭਲਾ ਕੀ ਕਰਨਾ ਏ ? ਚੰਗਾ ਜਿਹਾ ਸਸਤੇ ਜਹੇ ਮੁਲ ਦਾ ਕੋਈ ਦਸ, ਨਹੀਂ ਤਾਂ ਮੈਂ ਕਿਸੇ ਹੋਰ ਹੱਟੀ ਤੇ ਜਾਣ ਵਾਲੀ ਬਣਾਂ।" ਮਾਈ ਨੇ ਅੈਲਟੀਮੇਟਮ ਦੇ ਦਿੱਤਾ।

ਦੁਕਾਨਦਾਰ ਹੈਰਾਨ ਸੀ ਕਿ ਕੀ ਕਰੇ। ਜ਼ਰਾ ਕੁ ਖਿੱਝ ਕੇ ਪੁੱਛਣ ਲੱਗਾ।

"ਹੋਰ ਕਿੰਨਾਂ ਕੁ ਸਸਤਾ ਹੋਵੇ ਮਾਈ ? ਤ੍ਰੈ ਆਨੇ ਵੀ ਕੋਈ ਬਹੁਤਾ ਮੁਲ ਏ ?"

"ਕਠ ...¯...¯...ਈ ਤ੍ਰੈ ਆਨੇ ?" ਮਾਈ ਨੇ ਜ਼ਰਾ ਕੁ ਲਮਕਾ ਕੇ ਕਿਹਾ "ਏਡਾ, ਮਹਿੰਗਾ ਅਜ ਕਲ੍ਹ ? ਕੋਈ ਹੈ ਈ ਪੰਜਾਂ ਛੇਆਂ ਪੈਸਿਆਂ ਦਾ ਤਾਂ ਦੱਸ।"

ਦੁਕਾਨਦਾਰ ਖਿੱਝ ਕੇ ਉਠਿਆ ਤੇ ਡੱਬੇ ਫੋਲਦਾ ਫੋਲਦਾ ਜਾਣ ਬੁਝ ਕੇ ਜ਼ਰਾ ਕੁ ਉਚੀ ਜਹੀ ਅਵਾਜ਼ ਵਿਚ ਕਹਿਣ ਲੱਗਾ, ਤਾਂ ਜੋ ਮਾਈ ਵੀ ਸੁਣ ਸਕੇ। "ਹਾਇ ਓ ਮੁੰਡਿਆ ਵਿਚਾਰਿਆ। ਤੂੰ ਕਾਹਨੂੰ ਜੰਮ ਪਿਉਂ ? ਤੈਨੂੰ ਕੀ ਲੋੜ ਪੈ ਗਈ ਸੀ ਜੰਮਣ ਦੀ ?"

ਮਾਈ ਸੁਣ ਕੇ ਹੱਕੀ ਬੱਕੀ ਹੋ ਗਈ ਤੇ ਗੁੱਸੇ ਨਾਲ ਲਾਲ ਪੀਲੀ ਹੋ ਕੇ ਬੋਲੀ, "ਹੈਂ ? ਸੁੱਖੀਂ ਸਾਂਦੀਂ । ਭਾਈ ਅੱਲਾ ਅੱਲਾ ਕਰ । ਇਹ ਤੂੰ ਕੀ ਆਖਿਆ ਏ ? ਤੈਨੂੰ ਕੀ ਔਖ ਹੋਇਆ ਏ ਭਲਾ ਮੁੰਡਾ ਜੰਮਣ ਦਾ ?"

"ਮੈਨੂੰ ਕੀ ਔਖ ਹੋਣਾ ਸੀ ਮਾਈ! ਵਖ਼ਤ ਤਾਂ ਤੈਨੂੰ ਪੈ ਗਿਆ ਏ ਜਿਸਨੂੰ ਸੁੱਖੀਂ-ਲੱਧੇ ਭਤਰੀਏ ਵਾਸਤੇ ਤਿੰਨਾਂ ਆਨਿਆਂ ਦਾ ਰੁਮਾਲ ਲੈਣ ਲਗਿਆਂ ਵੀ ਤ੍ਰੇ ਗ਼ਸ਼ਾਂ ਪੈ ਚੁਕੀਆਂ ਨੇ। ਜਿਸ ਭਤਰੀਏ ਦੇ ਜੰਮਣ ਦੀ ਭੂਆ ਨੂੰ ਏਨੀ ਹੀ ਖ਼ੁਸ਼ੀ ਏ ਉਹ ਵਿਚਾਰਾ ਕਾਹਨੂੰ ਜੰਮ ਪਿਆ ?"

ਇਹ ਸੁਣ ਕੇ ਮਾਈ ਨੇ ਪੰਜਾ ਆਨਿਆਂ ਦਾ ਰੁਮਾਲ ਲੈ ਲਿਆ ਤੇ ਝੱਗਾ ਲਏ ਬਗ਼ੈਰ ਈ ਸੜਦੀ ਬਲਦੀ ਟੁਰ ਗਈ।

# ਚੁਰਾਏ ਹੋਏ ਇਨਾਮ

## ਇਕ ਚਿੱਠੀ

ਪਿਆਰੇ ... ... ... ... ... ... ਜੀ

ਬੜੇ ਪਿਆਰ ਨਾਲ ਬੁਲਾਈ ਫ਼ਤਹ ਪਰਵਾਨ ਹੋਵੇ। ਤੁਸੀ ਹਰ ਚਿੱਠੀ ਵਿਚ 'ਕੋਈ ਟਹਿਲ ਸੇਵਾ' ਪੁਛਿਆ ਕਰਦੇ ਸੀ, ਸੋ ਹੁਣ ਮੈਂ ਤੁਹਾਨੂੰ "ਕੋਈ ਟਹਿਲ ਸੇਵਾ" ਦੱਸਣ ਵਾਸਤੇ ਮਜਬੂਰ ਹਾਂ। ਉਹ ਇਹ ਹੈ ਕਿ ਐਤਕੀ ਸਾਡੇ ਵਡੇ ਕਾਕੇ ਬਰਖ਼ੁਰਦਾਰ ... ... ਸਿੰਘ ਨੇ ... ... ... ਦਾ ਇਮਤਿਹਾਨ ਦਿੱਤਾ ਹੈ। ਉਹਨੇ ਪਤਾ ਕਢਿਆ ਹੈ ਕਿ ਇਸ ਵਾਰੀ ... ... ਵਾਂ ਪਰਚਾ ਸਰਦਾਰ ... ... ਸਿੰਘ ਜੀ ਪਾਸ ਗਿਆ ਹੈ। ਕਾਕੇ ਨੇ ਕਿਹਾ ਹੈ ਕਿ ਉਸਦਾ ਇਹ ਪਰਚਾ ਆਸ-ਦਾਇਕ ਨਹੀਂ ਹੋਇਆ।

ਤੁਸੀ ਬੜੇ ਫਿਰਨ ਤੁਰਨ ਵਾਲੇ ਹੋ ਤੇ ਤੁਹਾਡਾ ਰਸੂਖ਼ ਵੀ ਬਹੁਤ ਸਾਰਾ ਹੈ। ਮੈਨੂੰ ਕਿਸੇ ਮੋਹਤਬਿਰ ਵਸੀਲੇ ਤੋਂ ਪਤਾ ਲੱਗਾ ਹੈ ਕਿ ਇਹ ਸਰਦਾਰ ... ... ... ਸਿੰਘ ਜੀ ਤੁਹਾਡੇ ਮਿੱਤਰ ਨੇ। ਤੁਸਾਂ ਇਨ੍ਹਾਂ ਸਰਦਾਰ ਹੁਰਾਂ ਨੂੰ ਮਿਲਣਾ ਤੇ ਕਾਕੇ ਨੂੰ ਆਪਣਾ ਹੀ ... ... ... ਜਾਣ ਕੇ ਉਹਦੀ ਮਦਦ ਕਰਨੀ। ਕਾਕੇ ਦਾ ਰੋਲ ਨੰਬਰ ... ... ... ਹੈ ਤੇ ਉਸ ਨੇ ਇਮ-ਤਿਹਾਨ ਪ੍ਰਾਈਵੇਟ ਦਿੱਤਾ ਹੈ। ਮੈਂ ਫੇਰ ਅਰਜ਼ ਕਰ ਦੇਵਾਂ ਕਿ ਉਹ ਹੋਰ ਜਿਹੜੇ ਵੀ ਪਰਚੇ ਚੋਂ ਫ਼ਿਹਲ ਹੁੰਦਾ ਹੈ, ਹੋ ਜਾਵੇ ਪਰ ਇਸ ਪਰਚੇ ਚੋਂ ਉਹ ਫ਼ੇਹਲ ਹੋਇਆ ਤਾਂ ਮੇਰਾ ਉਮਰ ਭਰ ਉਲਾਂਭਾ ਰਹੇਗਾ ਜੇ। ਇਹ ਕੰਮ ਮੈਂ ਤੁਹਾਨੂੰ ਆਪਣੀ ਥਾਂ ਜਾਣ ਕੇ ਸੌਂਪ ਰਿਹਾ ਹਾਂ। ਹੋਰ ਮੇਰੇ

ਯੋਗ ਕੋਈ ਸੇਵਾ ਹੋਵੇ ? ਉਪਰਲੇ ਕੰਮ ਦੀ ਮੈਂ ਫੇਰ ਤਾਕੀਦ ਕਰਦਾ ਹਾਂ। ਤੁਸੀ ਇਸ ਚਿੱਠੀ ਦੀ ਪਹੁੰਚ ਦੇਣੀ, ਨਾਲੇ ਕੰਮ ਕਰ ਕੇ ਪਤਾ ਦੇਣਾ।

ਆਪ ਦਾ –

## ਉੱਤਰ

ਪਿਆਰੇ ਸਰਦਾਰ ... ... ... ... ਸਿੰਘ ਜੀ !

ਪਿਆਰੇ ਯਾਦ ਪੁੱਜੇ, ਚਿੱਠੀ ਆਪ ਦੀ ਪੁੱਜੀ ਹੈ। ਪਹੁੰਚ ਭੇਜਦਾ ਹਾਂ। ਯਾਦ ਕਰਨ ਲਈ ਧੰਨਵਾਦੀ ਹਾਂ। ਇਹ ਜਾਣਕੇ ਬੜੀ ਹੀ ਖੁਸ਼ੀ ਹੋਈ ਹੈ ਕਿ ਮੈਂ ਤੁਹਾਡੀ ਕੋਈ ਸੇਵਾ ਕਰ ਸਕਦਾ ਹਾਂ। ਕਾਕੇ ... ... ... ਸਿੰਘ ਨੇ ... ... ... ਦਾ ਇਮਤਿਹਾਨ ਦਿੱਤਾ। ਬੜਾ ਚੰਗਾ ਕੰਮ ਕੀਤਾ ਹੈ। ਮੇਰੀ ਦਿਲੀ ਇੱਛਾ ਹੈ ਕਿ ਕਾਕਾ ਜੀ ਚੰਗੇ ਨੰਬਰ ਲੈ ਕੇ ਪਾਸ ਹੋਣ ਤੇ ਉਨ੍ਹਾਂ ਦੀ ਕੀਤੀ ਮਿਹਨਤ ਸਫ਼ਲ ਹੋਵੇ। ਤੁਸਾਂ ਨੇ ਜਿਹੜਾ ਸਰਦਾਰ ... ... ਸਿੰਘ ਜੀ ਨਾਲ ਮੇਰੀ ਮਿਤ੍ਰਤਾ ਦਾ ਜ਼ਿਕਰ ਕੀਤਾ ਹੈ, ਉਹਦੇ ਸਬੰਧ ਵਿਚ ਬੇਨਤੀ ਹੈ ਕਿ ਆਪ ਜੀ ਦੀ ਮੋਹਤਬਿਰ ਵਸੀਲੇ ਤੋਂ ਹਾਸਲ ਕੀਤੀ ਇਤਲਾਹ, ਆਪ ਦੀ ਆਸ ਦੇ ਉਲਟ ਹੈ, ਕਿਉਂਕਿ 'ਫਿਰਨ-ਤੁਰਨ ਵਾਲਾ' ਹੋਣ ਦੀ ਹਦ ਤੱਕ ਤਾਂ ਇਹ ਠੀਕ ਹੈ, ਪਰ ਰਸੂਖ਼ ਵਾਲੀ ਅਵਸਥਾ ਤਕ ਮੈਂ ਨਹੀਂ ਪਹੁੰਚ ਸਕਿਆ। ਤੁਸਾਂ ਨੇ ਜਿਹੜੇ ਸਰਦਾਰ ਜੀ ਦਾ ਨਾਂ ਲਿਖਿਆ ਹੈ, ਮੈਂ ਉਨ੍ਹਾਂ ਦੇ ਸਬੰਧ ਵਿਚ ਉਸ ਤੋਂ ਵਧ ਕੁਝ ਵੀ ਨਹੀਂ ਜਾਣਦਾ, ਜੋ ਕੁਝ ਆਪ ਜੀ ਦੀ ਚਿੱਠੀ ਵਿਚ ਲਿਖਿਆ ਹੈ।

ਇਨ੍ਹਾਂ ਕੁਝ ਲਿਖ ਛਡਣ ਨਾਲ ਹੀ ਸ਼ਾਇਦ ਇਸ ਚਿਠੀ ਨੂੰ ਆਪਦੀ ਚਿੱਠੀ ਦਾ ਮੁਕੰਮਲ ਜਵਾਬ ਆਖਿਆ ਜਾ ਸਕਦਾ ਸੀ,ਪਰ ਮੈਂ ਇਸ ਨੂੰ ਨਾ-ਮੁਕੰਮਲ ਸਮਝ ਕੇ ਕੁਝ ਹੋਰ ਵੀ ਲਿਖਣ ਦੀ ਲੋੜ ਮਹਿਸੂਸ ਕਰਦਾ ਹਾਂ।

ਇਹ ਮੇਰਾ ਸੋਭਾਗਯ ਹੈ ਕਿ ਇਨ੍ਹਾਂ ਸਰਦਾਰ ... ਸਿੰਘ ਹੁਰਾਂ ਨਾਲ ਮੇਰਾ ਕੋਈ ਸੰਬੰਧ ਨਹੀਂ, ਪਰ ਜੇ ਕਿਸੇ ਨਾ ਕਿਸੇ ਤਰ੍ਹਾਂ ਮੈਂ ਉਨ੍ਹਾਂ ਨੂੰ ਜਾਣਦਾ ਵੀ ਹੁੰਦਾ, ਇਸ ਹਦ ਤਕ ਕਿ ਉਹ ਮੇਰੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ

ਸੰਮਝਦੇ ਹੁੰਦੇ, ਤਦ ਵੀ ਮੈਂ – ਜਦੋਂ ਕਿ ਤੁਹਾਡੇ ਕਾਕੇ ਨੂੰ ਆਪਣਾ ਹੀ ... ਸਮਝਦਾ ਹਾਂ – ਉਪਰੋਕਤ ਸਰਦਾਰ ਜੀ ਨੂੰ ਕੁਝ ਕਹਿ ਕੇ, ਕਾਕੇ ਨੂੰ ਉਸ ਖ਼ੁਸ਼ੀ ਤੋਂ ਵਾਂਜਿਆ ਰਖਣਾ ਪਸੰਦ ਨਾ ਕਰਦਾ ਜਿਹੜੀ ਆਪਣੇ ਇਨਾਮ ਆਪਣੇ ਹੀ ਡਹੁਲਿਆਂ ਦੀ ਹਿੰਮਤ ਨਾਲ ਜਿੱਤਣ ਤੇ ਪ੍ਰਾਪਤ ਹੁੰਦੀ ਹੈ। ਬਿਗਾਨੇ ਜਿੱਤੇ, ਜਾਂ ਕਿਸੇ ਅਯੋਗ ਤ੍ਰੀਕੇ ਨਾਲ ਜਿੱਤੇ ਕੱਪਾਂ ਹੇਠਾਂ ਆਪਣੇ ਨਾਂ ਲਿਖ ਲੈਣ ਵਿਚ ਉਹ ਖ਼ੁਸ਼ੀ ਨਹੀਂ ਜਿਹੜੀ ਪੂਰਾ ਪੂਰਾ ਤਾਣ ਲਾ ਕੇ ਮੁਕਾਬਲਾ ਕਰਨ ਦੇ ਬਾਅਦ ਹਾਰ ਜਾਣ ਵਿਚ ਹੈ। ਤੁਸੀ ਕਾਕੇ ਨੂੰ ਯਕੀਨ ਦਵਾ ਦਿਉ ਕਿ ਕਮਾਇ ਹੋਇ ਇਨਾਮ ਹੀ ਇਨਾਮ ਹਨ, ਤੇ ਉਹੀ ਅਸਲੀ ਖ਼ੁਸ਼ੀ ਦਾ ਹੁਲਾਰਾ ਦੇਂਦੇ ਹਨ, ਨਾ ਕਿ ਚੁਰਾਇ ਹੋਇ ਇਨਾਮ। ਇਹ ਖ਼ੁਸ਼ੀ ਦੀ ਥਾਂ ਆਤਮਾ ਉਤੇ ਬੋਝ ਹੁੰਦੇ ਹਨ। ਆਸ ਹੈ ਕਿ ਇਨ੍ਹਾਂ ਅਖਰਾਂ ਦਾ ਮਤਲਬ ਉਹੀ ਸਮਝਿਆ ਜਾਵੇਗਾ ਜਿਹੜਾ ਮੇਰੇ ਦਿਲ ਵਿਚ ਹੈ। ਹੋਰ ਕੋਈ ਟਹਿਲ ਸੇਵਾ ?

ਆਪ ਦਾ–

# ਕਸਾਈ ਗਿਆਨੀ

ਸਾਡੇ ਗੁਰਦੁਆਰਿਆਂ ਵਿਚ ਆਮ ਕਰ ਕੇ ਇਸ ਤਰ੍ਹਾਂ ਹੋਇਆ ਕਰਦਾ ਹੈ ਕਿ ਰਾਗੀ, ਢਾਡੀ ਜਥੇ ਤਾਂ ਦੋ ਚਾਰ ਦਿਨ ਸੰਗਰਾਂਦੋਂ ਪਹਿਲੋਂ,ਤੇ ਕਥਕ, ਪਰਚਾਰਕ ਅਠ ਦਸ ਦਿਨ ਪਹਿਲੋਂ ਆ ਜਾਇਆ ਕਰਦੇ ਨੇ। ਮਤਲਬ ਉਨ੍ਹਾਂ ਦਾ ਇਹ ਹੁੰਦਾ ਏ ਕਿ ਉਹ ਸੰਗਰਾਂਦੋਂ ਪਹਿਲਾਂ ਪਹਿਲਾਂ ਸੰਗਤਾਂ ਨੂੰ ਆਪਣੇ ਕੀਰਤਨ, ਕਥਾ ਵਿਆਖਿਆ ਨਾਲ ਨਿਹਾਲ ਕਰਨਗੇ ਤੇ ਸੰਗਰਾਂਦ ਵਾਲੇ ਦਿਨ, ਜਦੋਂ ਸੰਗਤ ਵਧ ਤੋਂ ਵਧ ਇਕੱਠੀ ਹੁੰਦੀ ਹੈ, ਉਗਰਾਹੀ ਕਰ ਕੇ ਚਲਦੇ ਬਣਨਗੇ।

ਹੋਰ ਥਾਵੇਂ ਇਸ ਤਰ੍ਹਾਂ ਸ਼ਾਇਦ ਹੁੰਦਾ ਹੋਵੇ ਕਿ ਨਾ ਪਰ ਇਕ ਪਿੰਡ ਦੀ ਇਹੋ ਜਹੀ ਗਲ ਸੀ। ਮਹੀਨੇ ਦੀ ਅਠਾਹਰਵੀਂ ਵੀਹਵੀਂ ਇਕ ਪਰਚਾਰਕ ਸਾਹਿਬ ਆ ਗਏ। ਇਹ ਗਿਆਨੀ ਸਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਕੀਤਾ ਕਰਦੇ ਸਨ। ਇਨ੍ਹਾਂ ਦੇ ਆਵਣ ਨਾਲ ਗੁਰਦੁਆਰੇ ਵਿਚ ਆਮ ਹਾਲਤ ਨਾਲੋਂ ਰੌਣਕ ਵਧਣ ਲਗ ਪਈ। ਮਾਈ ਭਾਈ ਬੜੀ ਸ਼ਰਧਾ ਨਾਲ ਸਵੇਰੇ ਸਵੇਰੇ ਹੀ ਇਕੱਠੇ ਹੋ ਜਾਇਆ ਕਰਦੇ, ਕਿਉਂਕਿ ਇਨ੍ਹਾਂ ਦਾ ਵਿਆਖਿਆ ਦਾ ਢੰਗ ਚੰਗਾ ਰਸੀਲਾ ਸੀ। ਸੰਗਤਾਂ ਨੂੰ ਉਨ੍ਹਾਂ ਨੇ ਖ਼ੂਬ ਨਿਹਾਲ ਕੀਤਾ।

ਅਜੇ ਸੰਗਰਾਂਦ ਨੂੰ ਦੋ ਦਿਨ ਬਾਕੀ ਸਨ ਕਿ ਇਲਾਕੇ ਦੇ ਇਕ ਬੜੇ ਹੀ ਪ੍ਰਸਿਧ, ਮੰਨੇ-ਪਰਮੰਨੇ ਇਤਿਹਾਸਕ ਗੁਰਦੁਆਰੇ ਦੇ ਮੈਨੇਜਰ ਸਾਹਿਬ, ਆਪਣਾ ਰਾਗੀ ਜਥਾ ਲੈ ਕੇ,ਪਹੁੰਚ ਪਏ। ਇਹ ਪਿੰਡ ਪੰਥਕ ਉਘਰਾਹੀਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਵਾਲਾ ਮਸ਼ਹੂਰ ਸੀ ਤੇ ਮੈਨੇਜਰ ਸਾਹਿਬ

ਉਗਰਾਹੀ ਦੇ ਦੌਰੇ ਉਤੇ ਚੜ੍ਹੇ ਹੋਏ ਸਨ।

ਇਨ੍ਹਾਂ ਨੂੰ ਵੇਖ ਕੇ ਗਿਆਨੀ ਜੀ ਠਠੰਬਰ ਜਹੇ ਗਏ, ਪਰ ਵਿਚਾਰੇ ਕਰ ਕੀ ਸਕਦੇ ਸਨ।

ਹੁਣ ਸਵੇਰੇ ਸ਼ਾਮ ਦੋਵੇਂ ਵੇਲੇ ਗਿਆਨੀ ਜੀ ਦੀ ਵਿਆਖਿਆ ਦੀ ਥਾਂ ਬਾਣੀ ਦੇ ਅਖੰਡ ਕੀਰਤਨ ਦਾ ਪਰਵਾਹ ਚਲਣ ਲੱਗਾ। ਇਨ੍ਹਾਂ ਦੋਹਾਂ ਦਿਨਾਂ ਵਿਚ ਗਿਆਨੀ ਜੀ ਦੀਆਂ ਨਰਮ ਕੀਤੀਆਂ ਹੋਈਆਂ ਸੰਗਤਾਂ ਨੂੰ ਮੈਨੇ-ਜਰ ਸਾਹਿਬ ਦੇ ਲੈਕਚਰ, ਰਾਗੀ ਜਥੇ ਦੇ ਰਸੀਲੇ ਕੀਰਤਨ ਤੇ ਗੁਰਦੁਆਰੇ ਦੀ ਪਰਸਿੱਧੀ ਨੇ ਹੋਰ ਵੀ ਨਰਮ ਕਰ ਲਿਆ।

ਸੰਗਰਾਂਦ ਵਾਲੇ ਦਿਨ ਬੜੀ ਸਿਆਣਪ ਨਾਲ ਅਪੀਲ ਕੀਤੀ ਗਈ। ਦੋ ਸੌ ਨਗਦ ਰੁਪਿਆਂ ਤੋਂ ਵਖ, ਪੈਂਸੀ ਛਿੱਸੀ ਦੇ ਧੋਤੇ ਹੋਏ ਰੋਜੇ, ਇਕਹਿਰੇ ਦੋਹਰੇ ਖੇਸ ਚੁਤਹੀਆਂ, ਲੇਫ ਰਜ਼ਾਈਆਂ ਤਲਾਈਆਂ, ਕੱਛੇ ਚਾਦਰਾਂ ਆਦ ਜੋ ਕੁਝ ਵੀ ਕੋਈ ਸ਼ਰਧਾ ਨਾਲ ਦੇ ਸਕਦਾ ਸੀ, ਉਹਨੇ ਲਿਆ ਅੱਗੇ ਧਰਿਆ। ਏਥੋਂ ਤਕ ਕਿ ਮਾਈਆਂ ਨੇ ਛਾਪਾਂ, ਮੁਰਕੀਆਂ ਤੇ ਕਾਂਟੇ ਵੀ ਲਾਹ ਦਿੱਤੇ।

ਉਧਰ ਇਹ ਉਘਰਾਹੀਆ-ਜੱਥਾ ਇਕ ਭਾਰੀ ਪੰਡ ਲਦਵਾ ਕੇ ਗੁਰੂ-ਲੇਖੇ ਲੱਗਣ ਦੀ ਰਸੀਦ ਦੇਂਦਾ ਹੋਇਆ ਵਿਦਿਆ ਹੋਇਆ ਤੇ ਇਧਰ ਉਹ ਗਿਆਨੀ ਜੀ ਮਹਾਰਾਜ ਢਹਿੰਦੇ—ਡਿਗਦੇ, ਇਕ ਉਸ ਦੁਕਾਨਦਾਰ ਕੋਲ ਪਹੁੰਚੇ ਜਿਥੇ ਉਹ ਅੱਗੇ ਵੀ ਰੋਜ਼ ਆਪਣਾ ਵਕਤ ਗੁਜ਼ਾਰਨ ਵਾਸਤੇ ਘੰਟਾ ਅਧਾ ਘੰਟਾ ਆ ਬੈਠਿਆ ਕਰਦੇ ਸਨ। ਅਜ ਉਹ ਖ਼ਾਸ ਤੌਰ ਤੇ ਉਦਾਸ ਸਨ। ਦੁਕਾਨਦਾਰ ਦੇ ਕਾਰਨ ਪੁਛਣ ਤੇ ਭਰੇ ਹੋਏ ਫੋੜੇ ਵਾਂਗ ਫਿਸ ਪਏ।

"ਵੇਖੋ ਨਾ ਸਰਦਾਰ ਜੀ, ਬੇਰੀਆਂ ਪਕਾਈਆਂ ਤਾਂ ਮੈਂ ਸਨ ਪਰ ਝੂਣ-ਝਾਣ ਕੇ ... ... ਸਿੰਘ ਹੁਰੀਂ ਲੈ ਗਏ ਨੇ" (ਏਥੇ ਉਨ੍ਹਾਂ ਨੇ ਮੈਨੇਜਰ ਸਾਹਿਬ ਦਾ ਨਾ ਲਿਆ) "ਮੈਂ ਸੋਚ ਰਿਹਾ ਹਾਂ, ਕਿ ਮੇਰੀ ਮਿਹਨਤ ਦਾ ਹੁਣ ਕੀ ਬਣੇਗਾ ?"

ਦੁਕਾਨਦਾਰ ਨੇ ਉਨ੍ਹਾਂ ਦੇ ਦਿਲੀ ਦੁਖ ਨੂੰ ਅਨਭਵ ਤਾਂ ਕੀਤਾ ਪਰ

ਇਸ ਮਾਮਲੇ ਵਿਚ ਉਹ ਉਨ੍ਹਾਂ ਦੀ ਕੀ ਮਦਦ ਕਰ ਸਕਦਾ ਸੀ । ਆਖ਼ਰ ਸਹਿਜ-ਸੁਭਾਅ ਉਸ ਨੇ ਗਲ ਛੇੜ ਦਿੱਤੀ।

"ਤੁਸੀ ਕੁਝ ਕੁ ਦਿਨ ਹੋਰ ਠਹਿਰੋ ਤੇ ਸੰਗਤਾਂ ਨੂੰ ਨਿਹਾਲ ਕਰੋ। ਗੁਰੂ ਭਲੀ ਕਰੇਗਾ।"

"ਹੋਰ ਠਹਿਰਨ ਦਾ ਕੀ ਲਾਭ ਹੋ ਸਕਦਾ ਹੈ ਜੀ, ਇਤਨੇ ਸੁਹਣੇ ਰਾਗ ਰੰਗ' (ਇਹ ਉਨ੍ਹਾਂ ਦੇ ਆਪਣੇ ਅੱਖਰ ਸਨ) ਦਾ ਅਨੰਦ ਲੈਣ ਪਿੱਛੋਂ ਸੰਗਤਾਂ ਨੇ ਹੁਣ ਗੁਰਦੁਆਰੇ ਆਵਣਾ ਈ ਕਦੋਂ ਏ, ਮੇਰੀ ਖ਼ੁਸ਼ਕ ਜਹੀ ਵਿਆਖਿਆ ਸੁਣਨ ਵਾਸਤੇ। ਗੁਰਪੁਰਬਾਂ ਦੇ ਰੌਣਕ ਮੇਲੇ ਪਿੱਛੋਂ ਤੁਹਾਨੂੰ ਪਤਾ ਹੀ ਏ ਗੁਰਦੁਆਰਿਆਂ ਵਿਚ ਕਿਹੋ ਜਹੀ ਬੇ-ਰੌਣਕੀ ਹੁੰਦੀ ਹੈ। ਹੁਣ ਸੰਗਰਾਂਦ ਤੋਂ ਪਹਿਲਾਂ ਹੁਮ-ਹੁਮਾ ਕੇ ਸੰਗਤਾਂ ਨੇ ਜੁੜਨਾ ਈ ਨਹੀਂ ਤੇ ਤੁਸੀ ਆਪ ਸੋਚੋ, ਇਕ ਮਹੀਨਾ ਹੋਰ ਮੈਂ ਹੁਣ ਏਥੇ ਕਿਸ ਤਰ੍ਹਾਂ ਰਹਿ ਸਕਦਾ ਹਾਂ। ਫੇਰ ਜੇ ਮੈਂ ਕਿਸੇ ਨਾ ਕਿਸੇ ਤਰ੍ਹਾਂ ਠਹਿਰਣ ਵਾਸਤੇ ਮਜਬੂਰ ਹੋ ਹੀ ਜਾਵਾਂ ਤਾਂ ਵੀ ਕਿਸੇ ਫ਼ਾਇਦੇ ਦੀ ਆਸ ਨਹੀਂ।"

"ਉਹ ਕਿਸ ਤਰ੍ਹਾਂ?" ਉਹ ਪੁਛ ਬੈਠਾ।

"ਉਹ ਇਸ ਤਰ੍ਹਾਂ, ਤੁਸੀ ਜਾਣਦੇ ਹੀ ਹੋ, ਕਿ ਜਿਹੜੇ ਤਿਲਾਂ ਨੂੰ ਇਕ ਵਾਰੀ ਰਜਵਾਂ ਨਪੀੜ ਲਿਆ ਜਾਏ ਉਨ੍ਹਾਂ ਨੂੰ ਦੂਜੀ ਵਾਰੀ ਨਪੀੜਿਆਂ ਹੋਰ ਕਿਤਨਾ ਕੁ ਤੇਲ ਨਿਕਲ ਸਕਦਾ ਏ। ਜ਼ੋਰ ਬਹੁਤਾ ਲਗਦਾ ਏ ਤੇ ਤੇਲ ਥੋੜਾ। ਇਸ ਨਿਕੇ ਜਹੇ ਪਿੰਡ ਵਿਚੋਂ ਪੰਜ ਕੁ ਸੌ ਰੁਪਏ ਦਾ ਮਾਲ ਨਿਕਲ ਚੁਕਾ ਏ ਤੇ ਇਹ ਰਕਮ ਕੋਈ ਮਾਮੂਲੀ ਜਹੀ ਨਹੀਂ। ਇਕ ਮਹੀਨਾ ਤਾਂ ਇਕ ਪਾਸੇ ਰਿਹਾ ਹੁਣ ਤਾਂ ਇਕ ਸਾਲ ਤਕ ਕਿਸੇ ਰਾਗੀ ਪਰਚਾਰਕ ਨੂੰ ਇਸ ਪਿੰਡ ਵਿਚੋਂ ਰਜਵੀਂ ਰੋਟੀ ਨਹੀਂ ਮਿਲ ਸਕਦੀ। ਇਹ ਮੈਂ ਆਪਣੇ ਤਜਰਬੇ ਚੋਂ ਕਹਿ ਰਿਹਾ ਹਾਂ। ਕਿ ਇਹੋ ਜਹੀ ਹਾਲਤ ਵਿਚ ਸੰਗਤਾਂ ਬੜੇ ਔਖ ਨਾਲ ਗੱਫੇ ਦੇਂਦੀਆਂ ਹੁੰਦੀਆਂ ਨੇ।"

# ਮਰਦਾਵਾਂ ਇਨਸਾਫ਼

ਉਨ੍ਹਾਂ ਬਾਬਤ ਇਹ ਚਰਚਾ ਆਮ ਹੋ ਗਈ ਕਿ ਉਨ੍ਹਾਂ ਨੇ ਆਪਣੇ ਜੀਵਨ-ਸਾਥੀ ਨਾਲ ਸਾਰੇ ਸੰਬੰਧ ਤੋੜ ਲਏ ਨੇ ਤੇ ਅਜ ਕਲ੍ਹ ਉਹ ਘਰ ਨਹੀਂ ਜਾਂਦੇ। ਦੁਕਾਨ ਉੱਤੇ ਹੀ ਸੌਂ ਰਹਿੰਦੇ, ਬਜ਼ਾਰੋਂ ਮਹਿਰਿਆਂ ਦੀ ਹਟੀਉਂ ਰੋਟੀ ਖਾ ਲੈਂਦੇ ਤੇ ਸਟੋਵ ਭਖਾ ਕੇ ਚਾਹ-ਚੂਹ ਆਪਣੀ ਹੱਟੀ ਤੇ ਈ ਬਣਾ ਲੈਂਦੇ।

ਆਪਣੇ ਵਸਦੇ-ਰਸਦੇ ਰਿਸ਼ਤੇਦਾਰ ਬਾਬਤ ਇਹ ਦੰਦ-ਕਥਾ ਮੈਨੂੰ ਚੰਗੀ ਨਾ ਲੱਗੀ ਤੇ ਮੈਂ ਚਾਹਿਆ ਕਿ ਕਦੇ ਕੋਈ ਮੌਕਾ ਮਿਲੇ ਤਾਂ ਉਨ੍ਹਾਂ ਪਾਸੋਂ ਅਸਲ ਹਾਲਾਤ ਜਾਣਨ ਦੀ ਕੋਸ਼ਸ਼ ਕਰਾਂ ਕਿ ਇਹ ਗਲ ਠੀਕ ਹੈ ਜਾਂ ਗ਼ਲਤ? ਜੇ ਠੀਕ ਹੈ ਤਾਂ ਇਸ ਦਾ ਕਾਰਨ ਕੀ ਹੈ? ਤਾਹੀਉਂ ਪਤਾ ਲੱਗਾ ਕਿ ਉਨ੍ਹਾਂ ਇਕ ਵਖਰਾ ਮਕਾਨ ਕਰਾਏ ਉੱਤੇ ਲੈ ਲਿਆ ਹੈ, ਤੇ ਇਕ ਹੋਰ ਉਦ੍ਹਾਲਣ ਲਿਆ ਕੇ ਨਵੇਂ ਸਿਰੋਂ 'ਵੱਸੇ' ਹਨ।

ਮੇਰੀ ਗਲ ਬਾਤ ਕਰਨ ਦੀ ਇੱਛਾ ਤੀਬਰ ਹੋ ਗਈ ਤੇ ਇਕ ਦਿਹਾੜੇ ਜਦੋਂ ਮੈਂ ਉਨ੍ਹਾਂ ਨੂੰ ਰੌਂ ਵਿਚ ਵੇਖਿਆ, ਗਲ ਛੇੜ ਹੀ ਦਿੱਤੀ।

"ਉਹਨੇ ਮੈਨੂੰ ਥਾਂ ਥਾਂ ਬਦਨਾਮ ਕੀਤਾ ਹੈ, ਬਰਾਦਰੀ ਵਿਚ ਮੈਨੂੰ ਕੌਡੀ ਦਾ ਕਰ ਛਡਿਆ ਸੂ।" ਉਹ ਆਪਣੀ 'ਛੁਟੜ' ਦੀ ਸ਼ਿਕਾਇਤ ਕਰਨ ਲੱਗੇ। "ਮੇਰੇ ਮਾਪਿਆਂ ਨੂੰ ਕਿਹਾ, ਆਪਣੇ ਪੇਕਿਆਂ ਅੱਗੇ ਸ਼ਕਾਇਤਾਂ ਲਾਈਆਂ, ਬਰਾਦਰੀ ਵਿਚ ਰੌਲਾ ਪਾ ਦਿੱਤਾ।"

"ਉਹਨੇ ਕੀ ਕਹਿ ਕੇ ਤੁਹਾਨੂੰ ਬਦਨਾਮ ਕੀਤਾ?" ਮੈਂ ਸਵਾਲ ਕੀਤਾ।

"ਕਿ ਮੇਰਾ 'ਇਸ' ਨਾਲ ਨਜੈਜ਼ ਤਅਲਕ ਏ।"

" 'ਇਸ' ਕੌਣ ?"

"ਇਹੋ ਲੜਕੀ ਜਿਸ ਨੂੰ ਮੈਂ ਆਪਣੇ ਘਰ ਲੈ ਆਇਆ ਹਾਂ।"

"ਇਹ ਲੜਕੀ ਉਦੋਂ ਕਿਥੇ ਰਹਿੰਦੀ ਹੁੰਦੀ ਸੀ ?"

"ਸਾਡੇ ਗਵਾਂਢ ਵਾਲੇ ਘਰ, ਤੇ ਮੇਰਾ ਇਨ੍ਹਾਂ ਦੇ ਘਰ ਆਵਣ ਜਾਣ, ਸਗੋਂ ਖਾਣ ਪੀਣ ਵੀ ਹੈ ਸੀ।" ਉਨ੍ਹਾਂ ਮੰਨਿਆ।

"ਤੇ ਤੁਹਾਡਾ ਉਦੋਂ ਇਸ ਨਾਲ ਕੋਈ ਨਾਜਾਇਜ਼ ਤਅੱਲਕ ਨਹੀਂ ਸੀ ? ਇਸ ਗਲ ਦਾ ਜਵਾਬ ਜ਼ਰਾ ਕੁ ਦਲੇਰੀ ਨਾਲ ਦੇਣਾ ਕਿਉਂਕਿ ਮੈਂ ਅਸਲ ਰੋਗ ਤਕ ਪਹੁੰਚਣ ਦੀ ਕੋਸ਼ਸ਼ ਕਰ ਰਿਹਾ ਹਾਂ।" ਮੈਂ ਉਨ੍ਹਾਂ ਦੇ ਅੰਦਰੋਂ ਅਸਲੀਅਤ ਨੂੰ ਬਾਹਰ ਕਢਣਾ ਚਾਹਿਆ।

"ਸਚ ਪੁੱਛੋ ਤਾਂ ...... ਤਾਂ ਮੇਰਾ ਉਹਦੇ ਨਾਲ ਨਜੈਜ਼ ਤਅੱਲਕ ਹੈ ਸੀ।" ਉਹ ਮੰਨ ਗਏ ।

"ਫੇਰ ਬਜਾਇ ਇਸ ਦੇ ਕਿ ਤੁਸੀ ਆਪਣੇ ਅਮਲਾਂ ਨੂੰ ਬਦਲ ਕੇ ਆਪਣੇ ਆਪ ਨੂੰ ਨਿਰਦੋਸ਼ ਸਾਬਤ ਕਰਦੇ, ਤੁਸਾਂ ਦੀਦਾ-ਦਲੇਰੀ ਕੀਤੀ ਤੇ ਉਸੇ ਲੜਕੀ ਨੂੰ ਸਾਹਮਣੇ ਸਾਹਮਣੇ ਆਪਣੇ ਘਰ ਲਿਆ ਵਸਾਇਆ ਜਿਸ ਦੇ ਨਾਲ ਨਾਜਾਇਜ਼ ਤਅੱਲਕ ਰਖਣ ਦੀ ਤੁਹਾਡੇ ਉੱਤੇ ਤੋਹਮਤ ਲੱਗੀ ਸੀ ? ਇਸ ਸਾਰੀ ਹਰਕਤ ਨੂੰ ਤੁਸੀ ਕਿਸ ਤਰ੍ਹਾਂ ਜਾਇਜ਼ ਸਮਝਦੇ ਹੋ ?"

"ਮੈਂ ਇਹ ਸਭ ਕੁਝ ਬਦਲਾ ਲੈਣ ਵਾਸਤੇ ਕੀਤਾ ਹੈ।"

"ਤੇ ਇਸ ਉੱਤੇ ਵੀ, ਜਦੋਂ ਕਿ ਤੁਸੀ ਉਹਦਾ ਹੱਕ ਇਕ ਦੂਸਰੀ ਔਰਤ ਨੂੰ ਸੌਂਪ ਰਹੇ ਹੋਵੋ, ਉਹ ਕੋਈ ਸ਼ਕਾਇਤ ਕਰੇ, ਤਾਂ ਤੁਸੀ ਉਸੇ ਨੂੰ ਹੀ ਮੁਜਰਮ ਸਮਝਦੇ ਹੋ ? ਇਹ ਕਿਸ ਤਰ੍ਹਾਂ ਦਾ ਇਨਸਾਫ਼ ਹੈ ? ਤੁਹਾਡਾ ਕੀ ਖ਼ਿਆਲ ਹੈ ਕਿ ਇਹੋ ਜਹੀ ਹਾਲਤ ਵਿਚ ਉਹ ਕੀ ਕਰਦੀ ?"

"ਉਹ ਅੰਦਰ ਵੜ ਕੇ ਮੈਨੂੰ ਸਮਝਾਉਂਦੀ।"

"ਜੇ ਉਹਨੂੰ ਕੋਈ ਆਸ ਹੁੰਦੀ ਕਿ ਤੁਸੀ ਉਹਦੀ ਦਰਦ-ਕਹਾਣੀ ਸੁਣੋਗੇ ਤਾਂ ਯਕੀਨੀ ਉਹ ਇਸ ਤੋਂ ਕੋਈ ਵਖਰਾ ਰਾਹ ਚੁਣਦੀ, ਪਰ ਤੁਸਾਂ ਨੇ ਆਪਣਾ ਧਿਆਨ ਦੂਜੇ ਪਾਸੇ ਦੇ ਕੇ ਉਹਦੀ ਇਹ ਆਸ ਤੋੜ

ਦਿੱਤੀ। ਤੁਹਾਡੇ ਪਾਸੋਂ ਇਨਸਾਫ਼ ਨਾ ਮਿਲਦਾ ਵੇਖ ਕੇ ਜੇ ਉਸ ਨੇ ਲੋਕ-ਰਾਇ ਦੀ ਅਦਾਲਤ ਵਿਚ ਅਪੀਲ ਕਰ ਦਿੱਤੀ ਤਾਂ ਕੀ ਮਾੜ ਕੀਤਾ ?" ਮੈਂ ਮਜ਼ਲੂਮ ਦੀ ਵਕਾਲਤ ਛੋਹ ਬੈਠਾ।

"ਨਹੀਂ, ਉਸ ਨੂੰ ਇਸ ਤਰ੍ਹਾਂ ਕਰਨ ਦਾ ਕੋਈ ਹੱਕ ਨਹੀਂ ਸੀ। ਉਸ ਨੇ ਆਪਣਾ ਫ਼ਰਜ਼ ਪੂਰਾ ਨਹੀਂ ਕੀਤਾ।"

'ਫ਼ਰਜ਼' ਦੇ ਗਲੇ ਉਪਰ ਖੁੰਢੀ ਛੁਰੀ ਫੇਰਨ ਵਾਲੇ ਮਰਦ ਦੀ ਜ਼ਬਾਨ ਤੋਂ ਇਕ ਮਜ਼ਲੂਮ ਔਰਤ ਉੱਤੇ 'ਫ਼ਰਜ਼ ਪੂਰਾ ਨਾ ਕਰਨ' ਦਾ ਇਲਜ਼ਾਮ ਸੁਣ ਕੇ ਮੇਰੀਆਂ ਅਖੀਆਂ ਡੁਬ-ਡੁਬਾ ਆਈਆਂ। ਆਹ! ਇਕ ਕਸਾਈ ਬਕਰਿਆਂ ਦੀ ਵਕਾਲਤ ਕਰ ਰਿਹਾ ਸੀ। ਇਕ ਬੁੱਚੜ ਗਊਆਂ ਦੇ ਨਾਂ ਉੱਤੇ ਅਪੀਲ ਕਰ ਰਿਹਾ ਸੀ।

ਦਲੀਲ ਦੇ ਹਥਿਆਰ ਨਾਲ ਲੜਨ ਦੀ ਥਾਂ ਹੁਣ ਮੈਂ ਉਹਦੇ ਰਹਿਮ ਦੇ ਜਜ਼ਬੇ ਨੂੰ ਹਲੂਣ ਕੇ ਇਨਸਾਫ਼ ਲਈ ਪ੍ਰੇਰਨਾ ਕਰਨ ਦਾ ਫ਼ੈਸਲਾ ਕੀਤਾ।

"ਹੱਛਾ! ਹੁਣ ਇਹ ਦੱਸੋ ਤੁਹਾਡਾ ਆਪਣਾ 'ਇਨਸਾਫ਼' ਉਹਨੂੰ ਕਿਸੇ ਤਰ੍ਹਾਂ ਮਾਫ਼ ਵੀ ਕਰ ਸਕਦਾ ਹੈ ?"

"ਮਾਫ਼ ਕਰਨ ਦਾ ਕੀ ਮਤਲਬ ?"

"ਮਤਲਬ ਇਹ ਕਿ ਤੁਸੀ ਆਪਣੇ ਘਰ ਵਿਚ ਜਾ ਕੇ ਰਵ੍ਹੋ ਤੇ ਉਹਦੇ ਉਦਾਸ ਜੀਵਨ ਵਿਚ ਜਾ ਕੇ ਫ਼ੇਰ ਖੇੜਾ ਲਿਆ ਦਿਉ।

"ਨਹੀਂ ਇਹ ਕਦੇ ਨਹੀਂ ਹੋ ਸਕਦਾ। ਇਹ ਬਿਲਕੁਲ ਨਾ-ਮੁਮਕਿਨ ਹੈ।" ਉਨ੍ਹਾਂ ਫ਼ੈਸਲਾ ਸੁਣਾ ਦਿੱਤਾ।

"ਉਹ ਕਿਉਂ ?" ਮੈਂ ਪੁਛਿਆ।

"ਉਹ ਇਸ ਵਾਸਤੇ ਕਿ ਮੈਂ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਪ੍ਰਣ ਕਰ ਬੈਠਾ ਹਾਂ ਕਿ ਅਜ ਤੋਂ ਲੈ ਕੇ ਮੈਂ ਆਪਣੀ ਵਹੁਟੀ ਨੂੰ ਆਪਣੀ ਭੈਣ ਸਮਝਾਂਗਾ। ਮੈਂ ਆਪਣਾ ਇਹ ਪ੍ਰਣ ਤੋੜ ਕੇ ਗੁਰੂ ਦਾ ਦੇਣਦਾਰ ਨਹੀਂ ਬਣਨਾ ਚਾਹੁੰਦਾ।"

"ਪਰ ਇਸ ਪ੍ਰਣ ਦੀ ਪਾਲਣਾ ਕਰਨ ਦੀ ਮਜਬੂਰੀ ਆਪਣੇ ਉੱਤੇ

ਲੈਣ ਤੋਂ ਪਹਿਲਾਂ ਤੁਸਾਂ ਇਹ ਵੇਖਣਾ ਹੈ ਕਿ ਇਹ ਪ੍ਰਣ ਕਰਨ ਦਾ ਤੁਹਾਨੂੰ ਹਕ ਵੀ ਹੈ ਸੀ ਕਿ ਨਹੀਂ।" ਮੈਂ ਬਾਜ਼ ਨਾ ਆਇਆ।

"ਇਸ ਦਾ ਮਤਲਬ?"

"ਮਤਲਬ ਇਹ ਕਿ ਫ਼ਰਜ਼ ਦੀ ਪਾਲਣਾ ਕਰਨ ਤੋਂ ਇਨਕਾਰ ਦਾ ਪ੍ਰਣ, ਪ੍ਰਣ ਦਾ ਸਤਿਕਾਰ ਨਹੀਂ ਲੈ ਸਕਦਾ। ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਜੀਵਨ-ਸਾਥੀ ਨੂੰ "ਭੈਣ" ਕਹਿ ਕੇ ਤੁਸਾਂ ਨੇ ਇਹ ਇਕ ਪ੍ਰਣ ਨਹੀਂ ਕੀਤਾ, ਸਗੋਂ ਉਹ ਸਾਰੇ ਪਵਿਤ੍ਰ ਪ੍ਰਣ ਤੋੜੇ ਹਨ ਜਿਹੜੇ ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਤੁਸਾਂ ਕੀਤੇ ਸਨ ਕਿ 'ਮੈਂ ਏਕਾ ਨਾਰੀ ਜਤੀ ਰਹਾਂਗਾ, ਪਰ-ਇਸਤ੍ਰੀ ਮਾਂ, ਭੈਣ, ਧੀ ਸਮਾਨ ਜਾਣਾਂਗਾ, ਸਾਥ ਜੀਵਨ ਭਰ ਨਿਭਾਵਾਂਗਾ' ਆਦ। ਸੋ ਜੇ ਤੁਹਾਨੂੰ ਗੁਰੂ ਸਾਹਿਬ ਦੀ ਕਰੋਪੀ ਦਾ ਕੋਈ ਡਰ ਹੋ ਸਕਦਾ ਸੀ ਤਾਂ ਉਦੋਂ ਹੋਣਾ ਚਾਹੀਦਾ ਸੀ ਜਦੋਂ ਤੁਸਾਂ ਆਪਣੇ ਜੀਵਨ-ਸਾਥੀ ਨਾਲ ਬੇ-ਵਫ਼ਾਈ ਕੀਤੀ ਸੀ, ਪਰ-ਇਸਤ੍ਰੀ ਨਾਲ ਸਬੰਧ ਪੈਦਾ ਕੀਤਾ ਸੀ, ਨਾ ਕਿ ਹੁਣ ਜਦੋਂ ਕਿ ਤੁਸੀ ਇਕ ਗ਼ਲਤ ਚੁਕਿਆ ਹੋਇਆ ਕਦਮ ਵਾਪਸ ਲੈ ਰਹੇ ਹੋਵੋਗੇ। ... ... ... ... ... ..."

ਇਹ ਪ੍ਰਣ ਦੇ ਪੱਕੇ ਸੱਜਣ ਮੇਰੀ ਗੱਲ ਵਿੱਚੇ ਹੀ ਛਡ ਕੇ ਚਲਦੇ ਬਣੇ।

# ਪਿਤਾ ਨੂੰ ਸਿਖਿਆ

"ਤੁਸਾਂ ਵਿਆਹ ਉਤੇ ਤ੍ਰੈ ਦਿਨ ਪਹਿਲੋਂ ਆਉਣਾ" ਮਾਮੀ ਜੀ ਨੇ ਭਣੇਵੇਂ ਨੂੰ ਦਾਹਵੇ ਨਾਲ ਕਿਹਾ, "ਵੇਖੋ ਨਾ, ਸਾਰੇ ਕੰਮ ਤੁਸਾਂ ਨੇ ਹੀ ਤਾਂ ਆ ਕੇ ਕਰਨੇ ਨੇ।"

"ਮੈਂ ਜ਼ਰੂਰ ਹਾਜ਼ਰ ਹੋ ਜਾਵਾਂਗਾ, ਤੁਸੀ ਫ਼ਿਕਰ ਨਾ ਕਰੋ।" ਭਣੇਵੇਂ ਨੇ ਬੜੀ ਤਸੱਲੀ ਬਨ੍ਹਾ ਕੇ ਜਵਾਬ ਦਿੱਤਾ।

"ਤੇ ਨਾਲੇ, ਮੈਨੂੰ ਯਾਦ ਨਹੀਂ ਸੀ ਰਿਹਾ, ਤੁਸਾਂ ਭੈਣ ਵਾਸਤੇ ਕੋਈ ਸੁਹਣੀ ਜਹੀ ਸਿਖਿਆ ਵੀ 'ਬਣਾ ਕੇ' ਲਿਆਵਣੀ ਹੋਵੇਗੀ। ਇਹ ਕੰਮ ਵੀ ਤੁਹਾਡੇ ਜ਼ੁੰਮੇ ਏ।" ਮਾਮੀ ਨੇ ਕਿਹਾ ਕਿਉਂਕਿ ਉਸ ਨੇ ਕਿਤੋਂ ਸੁਣ ਲਿਆ ਸੀ ਕਿ ਉਹਦਾ ਭਣੇਵਾਂ ਮਾੜਾ ਮੋਟਾ ਸ਼ਾਇਰ ਏ ਤੇ ਸਿਖਿਆ ਵੀ ਬਣਾਂਦਾ ਹੁੰਦਾ ਏ।

"ਲਿਖ ਕੇ ਲਿਆਉਣ ਵਾਲੀ ਕਿਹੜੀ ਗਲ ਏ ਮਾਮੀ ਜੀ, ਉਥੇ ਹੀ ਆ ਕੇ ਲਿਖ ਦਿਆਂਗਾ, ਤੁਹਾਡੇ ਕੋਲ ਬਹਿ ਕੇ, ਜਿਹੋ ਜਿਹੀ ਤੁਸੀ ਕਹੋਗੇ।" ਆਖ ਕੇ ਭਣੇਵੇਂ ਨੇ ਮਾਮੀ ਨੂੰ ਖ਼ੁਸ਼ ਕਰ ਦਿੱਤਾ।

ਦੋਹਤਰੇ ਦੇ ਨਾਨਕੇ ਤਾਂ ਭਾਵੇਂ ਨੇੜੇ ਹੀ ਦੇ ਪਿੰਡ ਵਿਚ ਸਨ, ਪਰ ਮਾਮਾ ਜੀ ਕਿਤੇ ਦੂਰ ਦੁਰਾਡੇ ਯੂ. ਪੀ. ਵਿਚ ਵਪਾਰ ਕਰਦੇ ਸਨ ਤੇ ਆਮ ਕਰ ਕੇ ਚਿਰਾਂ ਤੋਂ ਉਥੇ ਹੀ ਰਿਹਾ ਕਰਦੇ ਸਨ ਬਰਾਦਰੀ ਵਿਚ ਕਿਸੇ ਬੜੇ ਹੀ ਜ਼ਰੂਰੀ ਮਰਨੇ ਪਰਨੇ ਤੇ ਵਤਨ ਆਉਂਦੇ, ਪਰ ਉਹ ਵੀ ਬਹੁਤਾ ਕਰ ਕੇ ਮਾਮਾ ਜੀ ਆਪ ਇਕੱਲੇ ਹੀ। ਕਦੇ ਕਦਾਈਂ ਮਾਮੀ ਜੀ ਵੀ ਨਾਲ ਹੁੰਦੇ ਪਰ ਉਨ੍ਹਾਂ ਦਾ ਸਾਰਾ ਪਰਵਾਰ ਕਠਾ ਕਦੇ ਵਤਨ ਨਹੀਂ ਸੀ ਆਇਆ, ਜਿਸ ਕਰ

ਕੇ ਭਣੇਵੇਂ ਨੂੰ ਪਤਾ ਹੀ ਨਹੀਂ ਸੀ ਕਿ ਉਹਦੀ ਜਿਸ ਭੈਣ ਦਾ ਵਿਆਹ ਹੈ ਉਹ ਕਿਹੋ ਜਹੀ ਤੇ ਕਿਸ ਉਮਰ ਦੀ ਹੈ।

ਵਿਆਹ ਵਿਚ ਤਿੰਨ ਚਾਰ ਦਿਨ ਬਾਕੀ ਸਨ ਕਿ ਭਣੇਵਾਂ ਨਾਨਕੇ ਪਹੁੰਚ ਗਿਆ। ਮਾਮੇ ਮਾਮੀ ਨੂੰ ਵੇਖ ਕੇ ਚੰਨ ਚੜ੍ਹ ਗਿਆ ਪਰ ਜਦੋਂ ਇਕ ਬਾਰਾਂ ਸਾਲ ਦੀ ਭੋਲੀ ਜਹੀ ਕੁੜੀ ਕੋਲ ਆ ਕੇ ਭਰਾ ਨੂੰ ਮਿਲੀ ਤਾਂ ਭਰਾ ਦਾ ਦਿਲ ਬੜਾ ਹੀ ਦੁਖੀ ਹੋਇਆ। ਉਹਦਾ ਜੀ ਤਾਂ ਕੀਤਾ ਕਿ ਉਹ ਆਪਣੀ ਨਿੱਕੀ ਜਹੀ ਗੁਡੀ ਭੈਣ ਨੂੰ ਕੁਛੜ ਚੁਕ ਕੇ ਪਿਆਰ ਕਰੇ ਪਰ ਉਹ ਸੰਗ ਗਿਆ, ਇਹ ਜਾਣ ਕੇ ਕਿ ਮਾਪਿਆਂ ਦੀ ਨਜ਼ਰੇ ਇਹ ਗੁੱਡੀ ਨਹੀਂ ਸਗੋਂ ਇਹ ਵਿਆਹੁਣ-ਯੋਗ ਮੁਟਿਆਰ ਹੈ। ਇਹੀ ਭੈਣ ਹੈ ਜਿਸ ਦੇ ਵਾਸਤੇ ਇਕ ਸੁਹਣੀ ਜਹੀ ਸਿਖਿਆ ਲਿਖਣ ਦਾ ਮਾਮੀ ਜੀ ਨੇ ਹੁਕਮ ਦਿੱਤਾ ਹੈ? ਭਣੇਵੇਂ ਨੇ ਦਿਲ ਹੀ ਦਿਲ ਵਿਚ ਸੋਚਿਆ ਤੇ ਇਕ ਹਉਕਾ ਭਰਿਆ।

ਮਾਮਾ ਜੀ ਤੇ ਮਾਮੀ ਜੀ ਚਾਈਂ ਮੱਤੇ ਸਨ। ਵਿਆਹ ਉੱਤੇ ਦਿਲ ਖੋਹਲ ਕੇ ਖ਼ਰਚ ਕੀਤਾ ਗਿਆ। ਜੰਞ ਆਈ ਤਾਂ ਉਹਦੇ ਵਿਚ ਕਵੀ-ਦਿਲ ਵਾਸਤੇ ਹੋਰ ਵੀ ਇਕ ਹੈਰਾਨੀ ਸੀ। ਇਹ ਵਿਆਹ ਸਚ-ਮੁੱਚ ਗੁੱਡੀ ਗੁੱਡੇ ਦਾ ਵਿਆਹ ਹੀ ਅਖਵਾਏ ਜਾਣ ਦਾ ਹਕਦਾਰ ਸੀ, ਕਿਉਂਕਿ ਲਾੜਾ ਵੀ ਇਕ ਗੁੱਡਾ ਜਿਹਾ ਸੀ। ਇਹੋ ਹੀ ਕੋਈ ਬਾਰਾਂ ਤੇਰਾਂ ਵਰ੍ਹਿਆਂ ਦਾ 'ਗਭਰੂ'।

ਅਗਲੇ ਦਿਨ ਸਵੇਰੇ ਰਾਗੀ ਸਿੰਘਾਂ ਨੇ ਆਸਾ ਜੀ ਦੀ ਵਾਰ ਦਾ ਭੋਗ ਪਾਇਆ ਤੇ ਆਨੰਦ ਕਾਰਜ ਦਾ ਕੰਮ ਸ਼ੁਰੂ ਹੋਣ ਲੱਗਾ। ਮਾਮਾ ਜੀ ਜਿਹੜੇ ਇਹੀ ਸਮਝੀ ਬੈਠੇ ਸਨ ਕਿ ਭਣੇਵਾਂ ਜੀ ਕੋਈ ਸਿਖਿਆ ਲਿਖ ਹੀ ਲਿਆਏ ਹੋਣਗੇ, ਜਾਂ ਏਥੇ ਆ ਕੇ ਉਨ੍ਹਾਂ ਲਿਖ ਲਈ ਹੋਵੇਗੀ, ਉਹਨੂੰ ਇਕ ਪਾਸੇ ਲਿਜਾ ਕੇ ਕਹਿਣ ਲੱਗੇ।

"ਸਿਖਿਆ ਤਿਆਰ ਹੈ ਨਾ?"

"ਜੀ ਤਿਆਰ, ਬਿਲਕੁਲ ਤਿਆਰ! ਪਰ ... ... ..."

"ਪਰ ... ... ਕੀ?"

"ਪਰ ਤੁਸੀ ਮੇਰੀ ਲਿਖੀ ਸਿਖਿਆ ਨੂੰ ਪਸੰਦ ਨਹੀਂ ਕਰੋਗੇ।"

"ਉਹ ਕਿਉਂ ?"

"ਇਸ ਵਾਸਤੇ ਕਿ ਇਹ ਸਿਖਿਆ ਪਿਤਾ ਵਲੋਂ ਧੀ ਨੂੰ ਨਹੀਂ, ਸਗੋਂ ਧੀ ਵਲੋਂ ਪਿਤਾ ਨੂੰ ਹੈ ... ... ..."

"ਇਹਦਾ ਕੀ ਮਤਲਬ ?" ਮਾਮਾ ਜੀ ਹੈਰਾਨ ਹੋ ਗਏ।

"ਮਤਲਬ ਇਹ ਕਿ ਧੀ ਪਿਤਾ ਨੂੰ ਸਿਖਿਆ ਦੇਂਦੀ ਹੈ ਕਿ ਰਬ ਨੇ ਤੁਹਾਨੂੰ ਗ਼ਲਤੀ ਨਾਲ ਪਿਤਾ ਬਣਾ ਦਿੱਤਾ ਹੈ, ਅਸਲ ਵਿਚ ਤੁਸੀ ਪਿਤਾ ਬਣਨ ਦੇ ਯੋਗ ਨਹੀਂ ਹੋ।"

"ਉਹ ਕਿਸਤਰ੍ਹਾਂ ?"

"ਧੀ ਕਹਿੰਦੀ ਹੈ ਕਿ ਕਾਸ਼ ! ਤੁਹਾਨੂੰ ਪਤਾ ਹੁੰਦਾ ਕਿ ਯਾਹਰਵਾਂ ਵਰ੍ਹਾ ਲੜਕੀ ਦੇ ਵਾਸਤੇ ਵਿਆਹ ਦਾ ਯੋਗ ਵਰ੍ਹਾ ਨਹੀਂ। ਕਾਸ਼ ! ਤੁਸੀ 'ਗੁੱਡੀ' ਦਾ ਵਿਆਹ ਕਰ ਕੇ ਆਪ ਖ਼ੁਸ਼ੀ ਲੈਣ ਦੀ ਥਾਂ 'ਜਵਾਨ ਧੀ' ਦਾ ਵਿਆਹ ਕਰ ਕੇ ਉਹਨੂੰ ਖ਼ੁਸ਼ੀ ਲੈਣ ਦਾ ਮੌਕਿਆ ਦੇਂਦੇ ... ... ..."

ਮਾਮਾ ਜੀ ਨੇ ਭਣੇਵੇਂ ਦੀ ਪੂਰੀ ਗੱਲ ਵੀ ਨਾ ਸੁਣੀ ਤੇ ਇਹ ਸਿਖਿਆ ਭਣੇਵੇਂ ਦੇ ਖੀਸੇ ਵਿਚ ਅਣ-ਸੁਣਾਈ ਈ ਪਈ ਰਹੀ।

# ਸਿਆਣਾ ਢੰਗ

ਉਹ ਚੰਗੇ ਪੜ੍ਹੇ ਲਿਖੇ, ਸਿਆਣੇ ਤੇ ਇਕ ਸੁਹਿਰਦ ਸਜਣ ਸਨ, ਪਰ ਅੰਦਰੋਂ ਕੋਈ ਵਿਕਾਰ ਉਠ ਪੈਣ ਨਾਲ ਉਨ੍ਹਾਂ ਦੀਆਂ ਦੋਹਾਂ ਹੀ ਅੱਖਾਂ ਦੀ ਜੋਤ ਲਗ ਪਗ ਜਾਂਦੀ ਰਹੀ ਸੀ, ਜਿਸ ਕਰ ਕੇ ਬਜ਼ਾਰ ਦੇ ਘਟੀਆ-ਅਖ਼ਲਾਕੀ ਦੁਕਾਨਦਾਰ ਉਨ੍ਹਾਂ ਦੀ ਇਸ ਕੁਦਰਤੀ ਘਾਟ ਤੋਂ ਨਾਜਾਇਜ਼ ਫ਼ਾਇਦਾ ਉਠਾਣ ਵਾਸਤੇ ਲਲਚਾਏ ਜਾਇਆ ਕਰਦੇ ਸਨ। ਕੋਈ ਭਨਘੜ ਵਿਚ ਇਕ ਅਧ ਖੋਦਾ ਸਿੱਕਾ ਉਨ੍ਹਾਂ ਦੇ ਗਲ ਮੜ੍ਹ ਦੇਂਦਾ, ਕੋਈ ਘਟੀਆ ਚੀਜ਼ ਉਨ੍ਹਾਂ ਨੂੰ ਫੜਾ ਦੇਂਦਾ।

ਕਰਿਆਨੇ ਆਦ ਦੀਆਂ ਘਰ ਦੀਆਂ ਲੋੜੀਂਦੀਆਂ ਚੀਜ਼ਾਂ ਉਹ ਹਮੇਸ਼ਾ ਹੀ ਇਕ ਚੰਗੀ ਸ਼ੁਹਰਤ ਵਾਲੀ ਹੱਟੀ ਤੋਂ ਲਿਆ ਕਰਦੇ ਸਨ। ਇਕ ਵਾਰੀ ਉਸ ਦੁਕਾਨ ਤੋਂ ਡੱਬੇ ਵਿਚ ਪਵਾ ਕੇ ਆਂਦੀ ਹੋਈ ਚੀਨੀ ਉਨ੍ਹਾਂ ਨੂੰ ਕੁਝ ਘਟ ਘਟ ਜਾਪੀ। ਘਰ ਆ ਕੇ ਤੋਲੀ ਤਾਂ ਠੀਕ ਉਹ ਘਟ ਸੀ। ਉਨ੍ਹਾਂ ਨੂੰ ਇਹ ਗਲ ਚੰਗੀ ਤਾਂ ਨਾ ਲੱਗੀ, ਪਰ ਸੁਭਾਵਕ ਸੁਹਿਰਦਗੀ ਨੇ ਉਨ੍ਹਾਂ ਨੂੰ ਉਲਾਂਭਾ ਵੀ ਨਾ ਦੇਣ ਦਿੱਤਾ। ਉਨ੍ਹਾਂ ਨੇ ਚਾਹਿਆ ਕਿ ਦੋ ਚਾਰ ਵਾਰੀ ਉਸੇ ਦੁਕਾਨ ਤੋਂ ਆਂਦੀ ਚੀਜ਼ ਤੋਲ ਕੇ ਵੇਖੀ ਜਾਏ ਤੇ ਅਗਲਾ ਕਦਮ ਚੁਕਣ ਤੋਂ ਪਹਿਲਾਂ ਹਰ ਤਰ੍ਹਾਂ ਤਸੱਲੀ ਕਰ ਲਈ ਜਾਵੇ, ਕਿਉਂਕਿ ਇਕ ਅਧ ਵਾਰੀ ਇਹੋ ਜਹੀ ਗ਼ਲਤੀ ਇਰਾਦਾ ਨਾ ਹੁੰਦਿਆਂ ਹੋਇਆਂ ਵੀ ਹੋ ਜਾਂਦੀ ਹੈ। ਉਹ ਉਸੇ ਦੁਕਾਨਦਾਰ ਦੇ ਗਾਹਕ ਬਣੇ ਰਹੇ ਤੇ ਸੌਦਾ ਪਤਰਾ ਓਥੋਂ ਹੀ ਆਉਂਦਾ ਰਿਹਾ, ਪਰ ਜਦੋਂ ਵੀ ਕਿਸੇ ਚੀਜ਼ ਨੂੰ ਤੋਲ ਕੇ ਵੇਖਿਆ ਗਿਆ, ਉਹ ਕੁਝ ਨਾ ਕੁਝ ਘੱਟ ਹੀ ਨਿਕਲੀ। ਉਨ੍ਹਾਂ ਨੂੰ ਯਕੀਨ

ਹੋ ਗਿਆ ਕਿ ਹਰ ਵਾਰੀ ਚੀਜ਼ ਘਟ ਹੋਣ ਦਾ ਕਾਰਨ ਲਾਲਾ ਹੁਰਾਂ ਦੀ ਇਖ਼ਲਾਕ ਦੀ ਤੱਕੜੀ ਵਿਚ ਪਾਸਕੂੰ ਹੈ।

ਭਾਵੇਂ ਉਨ੍ਹਾਂ ਨੇ ਬੜੇ ਅਫ਼ਸੋਸ ਨਾਲ ਕਿਸੇ ਹੋਰ ਦੁਕਾਨਦਾਰ ਨਾਲ ਸਾਂਝ ਬਣਾਣ ਦਾ ਫ਼ੈਸਲਾ ਕੀਤਾ, ਪਰ ਉਨ੍ਹਾਂ ਪਾਸਕੂੰ ਵਾਲੇ ਲਾਲਾ ਜੀ ਨੂੰ ਕੁਝ ਕਹਿ ਕੇ ਸ਼ਰਮਿੰਦਾ ਕਰਨਾ ਵੀ ਵਾਜਬ ਨਾ ਸਮਝਿਆ।

ਅਗਲੇ ਦਿਨ,ਜਦੋਂ ਉਹ ਡੱਬਾ ਹਥ ਫੜੀ ਚੀਨੀ ਲੈਣ ਜਾਂਦੇ ਹੋਏ ਉਨ੍ਹਾਂ ਲਾਲਾ ਜੀ ਦੀ ਹਟੀ ਦੇ ਅੱਗੋਂ ਦੀ ਲੰਘ ਪਏ ਤਾਂ ਪਾਸਕੂੰ ਵਾਲੇ ਲਾਲਾ ਜੀ ਨੇ ਅਵਾਜ਼ ਮਾਰ ਕੇ ਉਨ੍ਹਾਂ ਨੂੰ ਖਲ੍ਹਿਆਰ ਲਿਆ।

"ਅਜ ਬਾਬੂ ਹੁਰੀਂ ਅਗਾਂਹ ਕਿਧਰ ਪਏ ਜਾਂਦੇ ਨੇ ?"

"ਕੁਝ ਚੀਨੀ ਲੈਣ ਜਾ ਰਿਹਾ ਸੀ।" ਤੇ ਉਹ ਖਲੋ ਗਏ।

"ਚੀਨੀ ਤਾਂ ਮੇਰੇ ਕੋਲ ਵੀ ਹੈ। ਅਜ ਬਾਬੂ ਹੀ ਆਪਣੀ ਪੱਕੀ ਹੱਟੀ ਛਡ ਕੇ ਅਗਾਂਹ ਕਿਧਰ ਜਾਂਦੇ ਨੇ ਪਏ।" ਤੇ ਲਾਲਾ ਹੁਰਾਂ ਨੇ ਉਠ ਕੇ ਬਾਬੂ ਹੁਰਾਂ ਦੇ ਹੱਥੋਂ ਚੀਨੀ ਵਾਲਾ ਡੱਬਾ ਫੜ ਲਿਆ।

ਜਿਸ ਸੁਹਿਰਦਗੀ ਨੇ ਉਲਾਂਭਾ ਦੇਣੋਂ ਜ਼ਬਾਨ ਨੂੰ ਰੋਕ ਲਿਆ ਸੀ ਉਸੇ ਨੇ ਅਗਾਂਹ ਵਧਣੋਂ ਪੈਰਾਂ ਨੂੰ ਵੀ ਰੋਕ ਲਿਆ। ਬੜੇ ਉੱਤੇ ਬਹਿ ਗਏ। ਲਾਲਾ ਹੁਰਾਂ ਨੇ ਪੁਛ ਕੇ ਪੰਜ ਸੇਰ ਚੀਨੀ ਤੋਲੀ ਤੇ ਡੱਬੇ ਵਿਚ ਪਾ ਦਿੱਤੀ। ਬਾਬੂ ਹੁਰਾਂ ਨੇ ਡੱਬਾ ਹਥ ਵਿਚ ਫੜਿਆ ਤੇ ਟੋਹ ਟਾਹ ਕੇ ਕੁਝ ਜਾਚਣ ਦੀ ਕੋਸ਼ਿਸ਼ ਕੀਤੀ। ਡੱਬੇ ਵਿਚ ਇਕ ਲਕੀਰ ਜਿਹੀ ਸੀ ਤੇ ਹਮੇਸ਼ਾਂ ਪੰਜ ਸੇਰ ਚੀਨੀ ਉਸ ਲਕੀਰ ਤਕ ਪਹੁੰਚ ਜਾਇਆ ਕਰਦੀ। ਚੀਨੀ ਅਜ ਫੇਰ ਉਸ ਲਕੀਰੋਂ ਹੇਠਾਂ ਹੀ ਸੀ। ਬਾਬੂ ਹੁਰਾਂ ਤੋਂ ਅਜ ਰਿਹਾ ਨਾ ਗਿਆ ਤੇ ਉਨ੍ਹਾਂ ਨੇ ਆਪਣੇ ਆਪ ਨੂੰ ਕੁਝ ਆਖਣ ਵਾਸਤੇ ਤਿਆਰ ਕਰ ਹੀ ਲਿਆ। ਜ਼ਰਾ ਕੁ ਸੋਚ ਕੇ ਬੋਲੇ :

"ਲਾਲਾ ਜੀ ! ਅਜ ਤੁਸੀ ਮੈਨੂੰ ਵਧਾਈ ਦਿਉ।"

"ਵਧਾਈ ਦੇਣ ਨੂੰ ਤਾਂ ਬਾਬੂ ਜੀ ! ਸੌ ਵਾਰੀ ਤਿਆਰ ਹਾਂ, ਪਰ ਇਹ ਵੀ ਤਾਂ ਪਤਾ ਲਗੇ ਕਿ ਉਹ ਕਾਹਦੀ ?"

"ਅਜ ਸਾਡਾ ਚੀਨੀ ਵਾਲਾ ਡੱਬਾ, ਸੁਖ ਨਾਲ, ਵੱਡਾ ਹੋ ਗਿਆ ਹੈ।" ਬਾਬੂ ਹਰਾਂ ਨੇ ਟਕਾਣੇ ਦੀ ਸਟ ਮਾਰੀ ਪਰ ਲਾਲਾ ਹੁਰੀਂ ਅਜੇ ਵੀ ਨਾ ਸਮਝੇ ਤੇ ਪੁੱਛਣ ਲਗੇ :

"ਜੀ ਉਹ ਕਿਸ ਤਰ੍ਹਾਂ ?"

"ਉਹ ਇਸ ਤਰ੍ਹਾਂ ਕਿ ਅਗੇ ਤਾਂ ਪੰਜ ਸੇਰ ਚੀਨੀ ਇਸ ਲਕੀਰ ਤਕ ਪਹੁੰਚ ਜਾਇਆ ਕਰਦੀ ਸੀ ਪਰ ਅਜ ਇਹ 'ਸੁਖ ਨਾਲ' ਇਸ ਤੋਂ ਕਾਫ਼ੀ ਹੇਠਾਂ ਹੈ।"

ਪਾਸਕੂ ਵਾਲੇ ਲਾਲਾ ਹੁਰਾਂ ਦੇ ਸਿਰ ਤੇ ਮਣਾ-ਮੂੰਹੀ ਪਾਣੀ ਪੈ ਗਿਆ।

# ਬੇ-ਧਰਮ ਧਰਮੀ

ਲਾਰੀ ਤੀਹ ਮੀਲ ਦੀ ਰਫ਼ਤਾਰ ਤੇ ਜਾ ਰਹੀ ਸੀ। ਇਕ ਪਾਸੇ ਦੀ ਨੁੱਕਰ ਵਾਲੀ ਸੀਟ ਤੇ ਇਕ ਮੁਟਿਆਰ ਬੈਠੀ ਸੀ, ਜਿਸਦੀ ਝੋਲੀ ਵਿਚ ਇਕ ਸਜਾਇਆ ਬੱਚਾ ਸੀ। ਇਹੋ ਈ ਕੋਈ ਪੰਜਾਂ ਛਿਆਂ ਮਹੀਨਿਆਂ ਦਾ ਹੋਵੇਗਾ। ਉਸ ਦੇ ਨਾਲ ਉਹਦਾ ਨੌ-ਜਵਾਨ – ਪਤੀ ਬੈਠਾ ਸੀ। ਮੁਟਿਆਰ ਦੇ ਅਧੇ ਜਹੇ ਛਪਰ ਵਰਗੇ ਘੁੰਡ ਤੋਂ ਜਾਪਦਾ ਸੀ ਕਿ ਨੌਜਵਾਨ ਦੇ ਨਾਲ ਕਰ ਕੇ ਬੈਠੇ ਬਿਰਧ ਬਾਬਾ ਜੀ ਉਹਦੇ ਪਤੀ ਦੇ ਪਿਤਾ ਜੀ ਸਨ। ਭਰੀ ਲਾਰੀ ਵਿਚ ਇਹੋ ਹੀ ਇਕ ਮਾਲਾ ਵਾਲੇ ਬਾਬਾ ਜੀ ਸਨ ਜਿਹੜੇ ਅਜ ਕਲ੍ਹ ਦੇ ਨੌਜਵਾਨਾਂ ਨੂੰ ਨਾਸਤਕ ਤੇ ਧਰਮ ਦੀ ਸ਼ਰਧਾ ਤੋਂ ਕੋਰੇ ਆਖ ਆਖ ਕੇ ਕੋਸ ਰਹੇ ਸਨ। ਸਵਾਰੀਆਂ ਦੀਆਂ ਆਪੋ-ਵਿਚਲੀਆਂ ਗੱਲਾਂ ਤੋਂ ਪਤਾ ਲਗ ਰਿਹਾ ਸੀ ਕਿ, ਇਕ ਤੋਂ ਸਿਵਾ – ਇਹ ਸਾਰੀਆਂ ਹੀ ਇੱਕੋ ਥਾਵੇਂ ਇੱਕੋ ਖ਼ਿਆਲ ਨਾਲ ਜਾ ਰਹੀਆਂ ਸਨ।

ਜਦੋਂ ਚਲਦੀ ਲਾਰੀ ਵਿਚ ਹੀ ਬਿਰਧ ਬਾਬਾ ਜੀ ਨੇ ਕਲੀਨਰ ਨੂੰ ਸਵਾਰੀਆਂ ਪਾਸੋਂ ਕਰਾਇਆ ਉਘਰਾਂਹਦਿਆਂ ਵੇਖਿਆ, ਤਾਂ ਕੰਬਲ ਦੀ ਬੁੱਕਲ ਵਿੱਚੋਂ ਹੱਥ ਜ਼ਰਾ ਕੁ ਢਿੱਲੇ ਕਰ ਕੇ ਕੋਟ ਦੇ ਅੰਦਰਲੇ ਖੀਸੇ ਵਿਚੋਂ ਕੁਝ ਕਢਿਆ। ਕੁਝ ਕੁ ਭਨ-ਘੜ ਦੀ ਲੁਕਾ ਲੁਕਾ ਰੱਖੀ ਟੁਣਕਾਰ ਵੀ ਕਿਸੇ ਨਾਲ ਬੈਠੇ ਦੇ ਕੰਨੀ ਪਈ। ਬਾਬਾ ਜੀ ਨੇ ਬੁੱਕਲ ਵਿਚ ਹੀ ਝਾਤ ਮਾਰ ਕੇ ਭਨ-ਘੜ ਵਿੱਚੋਂ ਕੁਝ ਚੁਣਿਆ, ਮੁਠ ਵਿਚ ਫੜਿਆ ਤੇ ਬਾਕੀ ਸਭ ਕੁਝ ਖੀਸੇ ਵਿਚ ਪਾ ਲਿਆ, ਪਰ ਨੌਜਵਾਨ ਨੂੰ ਆਪਣੇ ਪਿਤਾ ਜੀ ਦੇ ਇਰਾਦਿਆਂ ਦਾ ਕੁਝ ਪਤਾ ਨਹੀਂ ਸੀ, ਕਿਉਂਕਿ ਉਹ ਝੋਲੀ ਵਿਚ ਬੈਠੇ

ਹੋਏ ਨਿਕੇ ਜਹੇ ਲਾਲ ਨੂੰ ਮੁਸਕਰਾਂਉਂਦਿਆਂ ਵੇਖ ਵੇਖ ਕੇ ਖ਼ੁਸ਼ ਹੋ ਰਹੀਆਂ ਮੁਟਿਆਰ ਦੀਆਂ ਨਨੂਨ ਦੇ ਪਤਲੇ ਜਹੇ ਘੁੰਡ ਵਿਚ ਲਿਸ਼ਕਦੀਆਂ ਅਖੀਆਂ ਵਲ ਵੇਖ ਵੇਖ ਕੇ ਕਦੇ ਕਦੇ ਮੁਸਕਰਾ ਰਿਹਾ ਸੀ।

ਏਨੇ ਚਿਰ ਵਿਚ ਕਲੀਨਰ ਕੋਲ ਆ ਖਲੋਤਾ ਤੇ ਨੌਜਵਾਨ ਨੂੰ, ਮੋਢੇ ਤੇ ਪੋਲਾ ਜਿਹਾ ਹੱਥ ਰਖ ਕੇ, ਕਹਿਣ ਲੱਗਾ।

"ਬਾਬੂ ਜੀ! ਪੈਸੇ।"

ਨੌਜਵਾਨ ਨੇ ਆਪਣੇ ਖੀਸੇ ਵਿਚੋਂ ਬਟੂਆ ਕਢਿਆ ਹੀ ਸੀ ਕਿ ਬਾਬਾ ਜੀ ਨੇ ਉਹਦੀ ਵੱਖੀ ਵਿਚ ਕੂਹਣੀ ਦੀ ਪੋਲੀ ਜਹੀ ਠੋਹਕਰ ਮਾਰੀ। ਉਸ ਨੇ ਵੱਖੀ ਵਲ ਵੇਖਿਆ ਹੀ ਸੀ ਕਿ ਬਾਬਾ ਜੀ ਦੀ ਮੀਟੀ ਹੋਈ ਮੁੱਠੀ ਅਣਕੈੜ ਜਹੇ ਕੰਬਲ ਦੀ ਬੁਕਲ ਹੇਠੋਂ ਨਿਕਲੀ ਤੇ ਨੌਜਵਾਨ ਦੀ ਮੁੱਠੀ ਵਿਚ ਚੋਰੀ ਚੋਰੀ ਕੁਝ ਰਖ ਕੇ ਫੇਰ ਝਟ ਬੁਕਲ ਵਿਚ ਵੜ ਗਈ। ਹੱਥ ਦੇ ਇਸ ਐਕਟਿੰਗ ਨਾਲ ਅਖੀਆਂ ਨੇ ਵੀ ਆਪਣਾ ਪੂਰਾ ਪੂਰਾ ਪਾਰਟ ਅਦਾ ਕੀਤਾ ਤੇ ਅਜੇ ਕਲੀਨਰ ਇਕ ਹੋਰ ਸਵਾਰੀ ਕੋਲੋਂ ਲੀਤਾ ਰੁਪਿਆ ਟੁਣਕਾ ਰਿਹਾ ਸੀ ਕਿ ਅਖੀਆਂ ਵੀ ਕੁਝ ਸਮਝ ਗਈਆਂ।

ਨੌਜਵਾਨ ਨੇ ਜ਼ਰਾ ਕੁ ਇਕ ਪਾਸੇ ਕਰਕੇ ਮੁੱਠ ਖੋਹਲੀ, ਪਿਤਾ ਜੀ ਦੀ 'ਗੁੱਝੀ-ਦਾਤ' ਨੂੰ ਚੋਰ ਜਹੀਆਂ ਅੱਖੀਆਂ ਨਾਲ ਵੇਖਿਆ, ਕੁਝ ਮਹਿਸੂਸ ਕੀਤਾ ਤੇ ਸੰਗਦਿਆਂ ਸੰਗਦਿਆਂ ਉਹੀ ਹਥ ਕਲੀਨਰ ਵਲ ਵਧਾ ਕੇ ਕਹਿਣ ਲੱਗਾ, "ਲੈ ਪਈ, ਤਿੰਨਾ ਸਵਾਰੀਆਂ ਦੇ ਪੈਸੇ, ਤੇ ਚਵਾਨੀ ਮੋੜ ਦੇ।" ਤੇ ਰੁਪਈਆ ਉਸ ਨੇ ਕਲੀਨਰ ਦੀ ਤਲੀ ਤੇ ਰਖ ਦਿੱਤਾ।

ਉਸ ਨੇ ਰੁਪਈਏ ਨੂੰ ਇਕ ਚੀਰਵੀਂ ਜਹੀ ਨਜ਼ਰ ਨਾਲ ਵੇਖਿਆ ਤੇ ਵਾਪਸ ਕਰਦਿਆਂ ਹੋਇਆਂ ਕਿਹਾ:

"ਬਾਬੂ ਜੀ! ਇਹ ਬਦਲ ਦਿਉ।"

"ਕਿਉਂ?" ਨੌਜਵਾਨ ਨੇ ਹੈਰਾਨੀ ਜਹੀ ਨਾਲ ਪੁਛਿਆ।

"ਜੀ ਇਹ ਬਿਲਕੁਲ ਖੋਟਾ ਹੈ।"

"ਖੋਟਾ ਏ?" ਤੇ ਉਸ ਨੇ ਹੱਥ ਵਧਾ ਕੇ ਰੁਪਿਆ ਵਾਪਸ ਫੜ ਲਿਆ।

"ਤੂੰ ਦਿੱਤਾ ਏ ਕਾਕਾ ?" ਬਿਰਧ ਜੀ ਨੇ ਬੜੀ ਹੈਰਾਨੀ ਨਾਲ ਪੁੱਛਿਆ, ਇਉਂ ਜ਼ਾਹਿਰ ਕਰਦਿਆਂ ਹੋਇਆਂ ਜਿਉਂ ਉਹ ਰੁਪਏ ਦੇ ਖੋਟਾ ਹੋਣ ਬਾਬਤ ਕੁਝ ਜਾਣਦੇ ਹੀ ਨਹੀਂ ਸਨ। "ਵਖਾਏਂ ਨਾ ਜ਼ਰਾ" ਕਹਿ ਕੇ ਉਨ੍ਹਾਂ ਨੇ ਉਹ ਰੁਪਿਆ ਨੌਜਵਾਨ ਦੇ ਹੱਥੋਂ ਫੜ ਲਿਆ।

"ਇਹ ਤਾਂ ਬਿਲਕੁਲ ਹੀ ਖੋਟਾ ਹੈ। ਕਿੱਥੋਂ ਲਿਆ ਸਾਈ?"

"ਜੀ, ਹੱਟੀ ਤੇ ਹੀ ਕਿਤੇ ਆ ਗਿਆ ਏ।" ਨੌਜਵਾਨ ਦਾ ਜਵਾਬ ਸੀ।

"ਕਾਕਾ! ਹੱਟੀ ਤੇ ਅੱਖੀਆਂ ਖੋਹਲ ਕੇ ਕੰਮ ਕਰੀਦਾ ਏ। ਇਹੋ ਜਹੇ ਰੁਪਏ ਨੂੰ ਤਾਂ ਮੇਰੇ ਵਰਗਾ ਅੰਨ੍ਹਾਂ ਵੀ ਵੇਖਦਿਆਂ ਸਾਰ ਪਛਾਣ ਲਵੇ।" ਫੇਰ ਅੰਗੂਠੇ ਦੇ ਨਹੁੰ ਤੇ ਟੁਣਕਾਰ ਕੇ, "ਇਹਦੀ ਤਾਂ ਅਵਾਜ਼ ਹੀ ਬਿਲਕੁਲ ਵਖਰੀ ਹੈ।"

ਬਾਬਾ ਜੀ ਨੇ ਬੜੀ ਹੈਰਾਨੀ ਨਾਲ ਇਕ ਵਾਰੀ ਫੇਰ ਰੁਪਏ ਵਲ ਵੇਖਿਆ ਤੇ ਖੀਸੇ ਚੋਂ ਇਕ ਹੋਰ ਰੁਪਿਆ ਕਢ ਕੇ ਕਲੀਨਰ ਨੂੰ ਕਹਿਣ ਲਗੇ, ਲਉ" ਜੀ! ਤੁਸੀ ਤਾਂ ਲਓ ਖ਼ਾਂ ਖਰਾ।"

●

# ਬੇ-ਜ਼ਬਾਨਾਂ ਉੱਤੇ ਗੁੱਸਾ

ਸਾਵਣ ਦੇ ਸੰਘਣੇ ਮੀਂਹ ਪੈ ਕੇ ਹੱਟੇ ਸਨ। ਥਾਂ ਥਾਂ ਚਿਕੜ ਹੋਣ ਕਰਕੇ ਇਕ ਪਿੰਡ ਦੀ ਕੱਚੀ ਸੜਕ ਦਾ ਇਹੋ ਜਿਹਾ ਭੈੜਾ ਹਾਲ ਹੋਇਆ ਹੋਇਆ ਸੀ ਕਿ ਰਹੇ ਰਬ ਦਾ ਨਾਂ ਤੇ ਇਕ ਚੋਖੇ ਭਾਰ ਨਾਲ ਲਦਿਆ ਹੋਇਆ ਗੱਡਾ ਇਕ ਚਿਕੜ ਭਰੇ ਟੋਏ ਵਿਚ ਖੁਭਿਆ ਖਲੋਤਾ ਸੀ। ਢੰਗੇ ਸਨ ਲਿੱਸੇ ਲਿੱਸੇ, ਵੇਲਾ ਦੁਪਹਿਰਾਂ ਦਾ ਤੇ ਹਵਾ ਬਿਲਕੁਲ ਬੰਦ ਹੋਣ ਕਰ ਕੇ ਢੱਗਿਆਂ ਤੇ ਗੱਡੀਵਾਣ ਦੋਹਾਂ ਦਾ ਪਰਸਿਉ ਵਗ ਰਿਹਾ ਸੀ, ਢੱਗਿਆਂ ਦਾ ਜ਼ੋਰ ਲਾ ਲਾ ਕੇ ਤੇ ਗੱਡੀਵਾਣ ਦਾ ਛਾਂਟੇ ਮਾਰ ਮਾਰ ਕੇ। ਪਰ ਗੱਡਾ ਸੀ, ਕਿ ਜ਼ਰਾ ਕੁ ਅਗਾਂਹ ਸਰਕ ਕੇ ਮੁੜ-ਘਿੜ ਫਿਰ ਉਸੇ ਟੋਏ ਵਿਚ ਆ ਪੈਂਦਾ ਸੀ। ਗੱਡੀਵਾਣ ਨੂੰ ਇਸ ਬੇ-ਵਸੀ ਜਹੀ ਹਾਲਤ ਵਿਚ ਹੋਰ ਗੁੱਸਾ ਚੜ੍ਹਦਾ ਜਾ ਰਿਹਾ ਸੀ। ਇਸ ਗੁੱਸੇ ਵਿਚ ਉਸ ਦੀ ਜ਼ਬਾਨ ਬੇ-ਕਾਬੂ ਹੋ ਗਈ, ਸੋ ਢੱਗਿਆਂ ਨੂੰ ਬੇ-ਤਹਾਸ਼ਾ ਕੁਟਦਾ ਹੋਇਆ ਨਾਲੋ ਨਾਲ ਗਾਲ੍ਹਾਂ ਕਢਣ ਲੱਗਾ।

"ਓਇ, ਤੁਹਾਡੇ ਵੇਚਣ ਵਾਲੇ ਦੀ ਮਾਂ ਦੀ... ... ... ...।"

"ਓਇ ਤੁਹਾਡੇ ਵੇਚਣ ਵਾਲੇ ਦੀ ਧੀ ਦੀ... ... ... ... ।"

ਉਹ ਇਕ ਇਕ ਛਾਂਟੇ ਨਾਲ ਪੰਜਾਹ ਪੰਜਾਹ ਫੱਕੜ ਤੋਲਦਾ ਸੀ, ਪਰ ਗੱਡਾ ਫੇਰ ਵੀ ਉਥੇ ਦਾ ਉਥੇ ਹੀ ਸੀ।

ਕੋਲੋਂ ਲੰਘਦਾ ਹੋਇਆ ਕੋਈ ਪੜ੍ਹਿਆ ਲਿਖਿਆ ਨੌਜਵਾਨ ਇਸ ਛਿੱਥੇ ਪਏ ਹੋਏ ਗੱਡੀਵਾਣ ਦੀ ਤਰਸ ਯੋਗ ਹਾਲਤ ਵੇਖ ਕੇ ਸਾਈਕਲੋਂ ਉੱਤਰ ਖਲੋਤਾ ਤੇ ਸਾਈਕਲ ਨੂੰ ਸਟੈਂਡ ਉੱਤੇ ਖੜਾ ਕਰ ਕੇ ਗੱਡੇ ਦੇ ਕੋਲ ਆ ਗਿਆ।

ਗੱਡੀਵਾਨ ਦੀਆਂ ਬਾਹਾਂ ਜਦੋਂ ਹਾਰ ਹੁਟ ਗਈਆਂ ਤੇ ਜ਼ਬਾਨ ਨੂੰ ਵੀ ਨਵੀਆਂ ਗਾਲ੍ਹਾਂ ਨਾ ਸੁਝ ਸਕੀਆਂ, ਤਾਂ ਉਹ ਵੀ ਥੱਕ ਕੇ ਜ਼ਰਾ ਕੁ ਬਹਿ ਗਿਆ, ਸ਼ਾਇਦ ਨਵੀਆਂ ਗਾਲ੍ਹਾਂ ਸੋਚਣ ਵਾਸਤੇ। ਏਨੇ ਚਿਰ ਵਿਚ ਨੌਜਵਾਨ ਨੇ ਇਸ ਗੱਡੀਵਾਨ ਨਾਲ ਗੱਲ ਬਾਤ ਦਾ ਸਿਲਸਿਲਾ ਛੇੜਨ ਵਾਸਤੇ ਦਿਲ ਹੀ ਦਿਲ ਵਿਚ ਲਫ਼ਜ਼ਾਂ ਦੀ ਚੋਣ ਕਰ ਲਈ।

"ਭਲਿਆ ਲੋਕਾ! ਤੇਰੇ ਕੋਲੋਂ ਇਕ ਗੱਲ ਪੁੱਛਾਂ?"

"ਕੀ ਪੁਛੇਂਗਾ?"

"ਇਹ ਦਸ, ਪਈ ਤੂੰ ਵੀ ਕਦੇ ਆਪਣੇ ਢੱਗੇ ਵੇਚੇ ਨੇ?"

"ਕਈ ਵਾਰੀ ਵੇਚੇ ਨੇ।" ਗੱਡੀ ਵਾਨ ਨੇ ਜ਼ਰਾ ਕੁ ਸੋਚ ਕੇ ਕਿਹਾ।

"ਹਛਾ, ਗੁੱਸਾ ਨਾ ਕਰੀਂ ਤੇ ਜ਼ਰਾ ਇਹ ਦਸ, ਪਈ ਜਿਨ੍ਹਾਂ ਅੱਗੇ ਤੂੰ ਢੱਗੇ ਵੇਚਦਾ ਏਂ ਉਹ ਤੇਰੇ ਲਿੱਸੇ ਢੱਗਿਆਂ ਨੂੰ ਇਸੇ ਤਰ੍ਹਾਂ ਗਾਹਲਾਂ ਨਹੀਂ ਕੱਢਦੇ ਹੋਣੇ ਜਿਸ ਤਰ੍ਹਾਂ ਤੂੰ ਹੁਣ ਵੇਚਣ ਵਾਲਿਆਂ ਨੂੰ ਕੱਢ ਰਿਹਾ ਏਂ?"

ਗੱਡੀ ਵਾਣ ਸੋਚੀਂ ਪੈ ਗਿਆ।

"ਕੱਢਦੇ ਤਾਂ ਹੋਣਗੇ ਈ।" ਉਹਨੂੰ ਮੰਨਣਾ ਪਿਆ।

"ਤੇ ਜੇ ਤੂੰ ਉਸ ਵੇਲੇ ਸੁਣਦਾ ਹੋਵੇਂ ਜਾਂ ਤੇਰੀਆਂ ਗਾਹਲਾਂ ਹੁਣ ਇਨ੍ਹਾਂ ਢੱਗਿਆਂ ਨੂੰ ਵੇਚਣ ਵਾਲਾ ਸੁਣਦਾ ਹੋਵੇ ਤਾਂ ਤੁਹਾਡਾ ਆਪੋ ਵਿਚ ਫ਼ਸਾਦ ਹੋਣ ਵਿਚ ਕੁਝ ਕਸਰ ਬਾਕੀ ਰਹਿ ਜਾਂਦੀ ਏ? ਕੀ ਇਹ ਚੰਗਾ ਨਾ ਹੋਵੇ ਕਿ ਤੁਸੀ ਢੱਗੇ ਲੈਣ ਤੇ ਵੇਚਣ ਵਾਲੇ ਇਕ ਦੂਜੇ ਨੂੰ ਗਾਹਲਾਂ ਕਢਣ ਦੀ ਥਾਂ ਆਪਣੇ ਆਪਣੇ ਢੱਗਿਆਂ ਨੂੰ ਹੀ ਰਜਵਾਂ ਦਾਣਾ ਪੱਠਾ ਪਾਇਆ ਕਰੋ ਤਾਂ ਜੁ ਇਹ ਖੋਭਿਆਂ ਵਿਚ ਫਸ ਫਸ ਕੇ ਤੁਹਾਨੂੰ ਛਿਬਿਆਂ ਨਾ ਪਾਇਆ ਕਰਨ। ਇਹ ਵਿਚਾਰੇ ਆਪਣੇ ਵਿੱਤੋਂ ਵਧ ਕੇ ਜ਼ੋਰ ਲਾ ਰਹੇ ਨੇ ਤੇ ਗਾਹਲਾਂ ਦੀ ਥਾਂ ਤਰਸ ਤੇ ਹਮਦਰਦੀ ਦੇ ਹਕਦਾਰ ਨੇ। ਇਹ ਤੇਰੀ ਬੋਲੀ ਨੂੰ ਨਹੀਂ ਸਮਝਦੇ। ਇਨ੍ਹਾਂ ਨੂੰ ਕੀ ਪਤਾ ਤੂੰ ਕੀ ਕੀ ਕਹਿੰਦਾ ਜਾ ਰਿਹਾ ਏ। ਜਿਹੀਆਂ ਤੂੰ ਰੁੱਖਾਂ ਪੱਥਰਾਂ ਨੂੰ ਗਾਹਲਾਂ ਕੱਢੀਆਂ, ਜਿਹੀਆਂ ਇਨ੍ਹਾਂ ਨੂੰ। ਇਨ੍ਹਾਂ ਬੇ-ਜ਼ਬਾਨਾਂ ਨੂੰ ਗਾਹਲਾਂ ਕੱਢਣ ਦਾ ਕੀ ਫ਼ਾਇਦਾ?

# ਖਰੀ 'ਸਾਮੀ

"ਸ਼ਾਮ ਦਾਸ ਜੀ ! ਜ਼ਰਾ ਮੇਰੀ ਗੱਲ ਸੁਣ ਜਾਓ ਨਾ।"

ਹੱਟੀ ਤੇ ਬੈਠੇ ਦੁਕਾਨਦਾਰ ਨੇ ਬਜ਼ਾਰ ਚੋਂ ਲੰਘਦੇ ਜਾਂਦੇ ਸ਼ਾਮ ਦਾਸ ਨੂੰ ਬੁਲਾ ਕੇ ਕਿਹਾ, "ਹੁਣ ਮੈਨੂੰ ਪੈਸੇ ਮਿਲਣੇ ਚਾਹੀਦੇ ਨੇ।"

"ਮਿਲ ਜਾਣਗੇ, ਸਰਦਾਰ ਜੀ, ਪੈਸੇ।" ਸ਼ਾਮ ਦਾਸ ਨੇ ਸਦਾ ਵਰਗੀ ਲਾ-ਪਰਵਾਹੀ ਨਾਲ ਕਿਹਾ, ਉਸ ਲਾ-ਪਰਵਾਹੀ ਨਾਲ ਜਿਸ ਦੇ ਇਕਰਾਰਾਂ ਪਿੱਛੇ ਅਮਲ ਦੀ ਹਰਕਤ ਕੋਈ ਨਹੀਂ ਹੁੰਦੀ।

"ਤੁਸੀ ਹਮੇਸ਼ਾ ਹੀ ਕਹਿ ਛਡਦੇ ਹੁੰਦੇ ਹੋ 'ਮਿਲ ਜਾਣਗੇ, ਮਿਲ ਜਾਣਗੇ।' ਆਖ਼ਰ ਉਹ ਦਿਨ ਆਵਣਾ ਵੀ ਚਾਹੀਦਾ ਹੈ, ਤਿੰਨ ਸਾਲ ਹੋ ਗਏ ਨੇ ਮੈਨੂੰ ਮੰਗਦੇ ਨੂੰ। ਉਧਾਰ ਦਿੱਤਾ ਸੀ ਕੋਈ ਪਾਪ ਤਾਂ ਨਹੀਂ ਸੀ ਕੀਤਾ।" ਦੁਕਾਨਦਾਰ ਕਹਿਣ-ਢੰਗ ਤੋਂ ਦ੍ਰਿੜ੍ਹਤਾ ਸਾਫ਼ ਸਾਫ਼ ਨਜ਼ਰ ਆ ਰਹੀ ਸੀ।

"ਕੀ ਹੋ ਗਿਆ ਜੇ ਤਿੰਨ ਸਾਲ ਹੋ ਗਏ ਨੇ ਤਾਂ, ਸਰਦਾਰ ਜੀ। ਮੈਂ ਕੋਈ ਮੁਕਰਿਆ ਹੋਇਆ ਹਾਂ। ਪੈਸੇ ਤੁਹਾਡੇ ਦੇਣੇ ਨੇ, ਖਰੇ ਸੋਨੇ ਦੀ ਮੋਹਰ, ਦੁਧ ਧੋਤੇ ਦਿਆਂਗਾ। ਕਿਧਰੇ ਹਬ ਨਹੀਂ ਅੜਿਆ ਤਾਂ ਚਾਰ ਦਿਨ ਦੇਰੀ ਹੋ ਗਈ ਏ। ਤੁਸੀ ਤਾਂ ਤਿੰਨਾਂ ਸਾਲਾਂ ਵਿਚ ਕਾਹਲੇ ਪੈ ਗਏ ਓ, ਮਨੋਹਰ ਲਾਲ ਨੂੰ ਪੈਸੇ ਦਿੱਤਿਆਂ, ਮੈਨੂੰ ਛੇ ਸਾਲ ਹੋ ਗਏ ਨੇ। ਧੰਨ ਜਿਗਰਾ ਏ ਸਾਡਾ।"

"ਲਾਲਾ ਜੀ ! ਉਧਾਰ ਤੁਸਾਂ ਕਿਸੇ ਭਲੇ ਮਾਣਸ ਨੂੰ ਨਹੀਂ ਦਿੱਤਾ ਹੋਣਾ, ਕਿਉਂਕਿ ਛੇ ਛੇ ਸਾਲ ਤਕ ਉਧਾਰ ਨਾ ਚੁਕਾਣ ਵਾਲਿਆਂ ਨੂੰ ਮੈਂ ਭਲੇ ਮਾਣਸਾਂ

ਵਿਚ ਨਹੀਂ ਗਿਣਦਾ। ਮੈਂ ਤਾਂ ਇਕ ਭਲੇਮਾਣਸ ਨੂੰ ਉਧਾਰ ਦਿੱਤਾ ਸੀ।" ਦੁਕਾਨਦਾਰ ਦੀਆਂ ਅੱਖੀਆਂ ਅੱਗੇ ਹੋਰ ਤ੍ਰੈ ਸਾਲਾਂ ਦੇ ਲਾਤੇ ਫਿਰ ਗਏ ਕਿਉਂਕਿ ਸਾਹਮਣੇ ਇਕ ਛੇ ਸਾਲ ਦੀ ਮਿਸਾਲ ਮੌਜੂਦ ਜੁ ਸੀ।

"ਅਜ ਤਾਂ ਸਰਦਾਰ ਜੀ, ਤੁਸੀ ਬੜੇ ਗੁੱਸੇ ਵਿਚ ਆ ਗਏ ਓ। ਤੁਸਾਂ ਤਾਂ ਇਉਂ ਅਗੇ ਕਦੇ ਵੀ ਨਹੀਂ ਸੀ ਕੀਤਾ। ਪੈਸਿਆਂ ਦਾ ਕੀ ਏ? ਚਾਰ ਦਿਨ ਅਗੇ ਮਿਲੇ ਜਾਂ ਚਾਰ ਦਿਨ ਪਿੱਛੇ, ਗਲਾਂ ਯਾਦ ਰਹਿ ਜਾਂਦੀਆਂ ਨੇ। ਆਖ਼ਰ ਸ਼ਹਿਰਦਾਰੀ ਦਾ ਮਾਮਲਾ ਹੈ। ਵਡਿਆਂ ਵਡਿਆਂ ਸ਼ਾਹਾਂ ਨੇ ਵੀ ਅਸਕਰ ਦੇਣਾ ਹੁੰਦਾ ਹੈ। ਮਨੋਹਰ ਕੋਲੋਂ ਪੈਸੇ ਮਿਲਣ ਵਾਲੇ ਈ ਨੇ। ਚਰੋਕਣਾ ਅਜ ਭਲਕੇ ਦਾ ਇਕਰਾਰ ਪਿਆ ਕਰਦਾ ਹੈ, ਮਿਲਦੇ ਨੇ ਤਾਂ ਹਥ ਬੰਨ੍ਹ ਕੇ ਦੇ ਜਾਵਾਂਗਾ, ਕੋਈ ਫ਼ਿਕਰ ਨਾ ਕਰੋ। ਪੈਸੇ ਤੁਹਾਡੇ ਘਰ ਵਿਚ ਪਏ ਹੋਏ ਨੇ। ਮੈਨੂੰ ਤਾਂ ਆਪ। ਉਧਾਰ ਲੈ ਕੇ ਤਾਪ ਚੜ੍ਹ ਜਾਂਦਾ ਏ। ਜਦੋਂ ਤਕ ਮੁਕਾ ਨਾ ਲਵਾਂ ਰਾਤੀਂ ਨੀਂਦਰ ਨਹੀਂ ਪੈਂਦੀ।

ਇਉਂ ਜਾਪਦਾ ਸੀ ਜਿਉਂ ਉਹ ਇਹ ਗੱਲ ਮੁਕਾ ਕੇ ਟੁਰਨ ਵਾਲੇ ਨੇ, ਪਰ ਦੁਕਾਨਦਾਰ ਨੇ ਰੋਕ ਕੇ ਕਿਹਾ, "ਲਾਲਾ ਜੀ! ਇਹ ਕੋਈ ਜ਼ਰੂਰੀ ਨਹੀਂ ਕਿ ਤੁਸੀ ਮਨੋਹਰ ਲਾਲ ਦੇ ਛਿਆਂ ਸਾਲਾਂ ਦੇ ਰੁਕੇ ਹੋਏ ਪੈਸੇ ਵਸੂਲ ਕਰ ਕੇ, ਉਨ੍ਹਾਂ ਵਿੱਚੋਂ ਹੀ ਮੇਰਾ ਹਿਸਾਬ ਚੁਕਾਉ। ਮੈਂ ਹੋਰ ਬਹੁਤਾ ਚਿਰ ਹੁਣ ਨਹੀਂ ਉਡੀਕ ਸਕਦਾ। ਕਿਰਪਾ ਕਰ ਕੇ ਪੈਸੇ ਮੇਰੇ ਅਜ ਭਲਕੇ ਹੀ ਦੇ ਦਿਉ। ਮੈਨੂੰ ਲੋੜ ਹੈ। ਗਲੀ ਗਵਾਂਢ ਦੇ ਲਿਹਾਜ਼ ਦੀ ਹੱਦ ਹੁਣ ਟੱਪ ਚੁਕੀ ਹੈ।" ਦੁਕਾਨਦਾਰ ਦੀ ਆਵਾਜ਼ ਮਜ਼ਬੂਤ ਸੀ।

"ਚੰਗਾ ਜੀ! ਸਰਦਾਰ ਜੀ, ਦੇ ਦੇਵਾਂਗੇ ਛੇਤੀ ਹੀ ਤੁਹਾਨੂੰ।" ਤੇ ਲਾਲਾ ਸ਼ਾਮ ਦਾਸ ਹੁਰਾਂ ਦੇ ਮੱਥੇ ਤੇ ਉਹ ਸਾਰੇ ਨਿਸ਼ਾਨ ਸਾਫ਼ ਦਿਸ ਰਹੇ ਸਨ ਜਿਹੜੇ ਗੁੱਸੇ ਦੀ ਹਾਲਤ ਵਿਚ ਪ੍ਰਗਟ ਹੋ ਜਾਂਦੇ ਨੇ।

ਦੂਜੇ ਦਿਨ ਰਾਮ ਦਾਸ – ਸ਼ਾਮ ਦਾ ਵੱਡਾ ਭਰਾ – ਬਜ਼ਾਰ 'ਚੋਂ ਲੰਘਦਾ ਲੰਘਦਾ ਦੁਕਾਨਦਾਰ ਕੋਲ ਆ ਬੈਠਾ ਤੇ ਬੜੇ ਉਲਾਂਭੇ ਭਰੇ ਲਹਿਜੇ ਵਿਚ ਆਖਣ ਲੱਗਾ, "ਸ਼ਾਮ ਦਾਸ ਦੀ ਜ਼ਬਾਨੀ ਪਤਾ ਲੱਗਾ ਏ

ਕਿ ਕਲ੍ਹ ਤੁਸੀ ਉਹਦੇ ਨਾਲ ਬੜੇ ਰਿੰਜ-ਰਾਜ਼ੀ ਹੋਏ ਓ । ਉਧਾਰ ਦਵੀਦਾ ਏ ਤਾਂ ਸਰਦਾਰ ਜੀ, ਜਿਗਰਾ ਵੱਡਾ ਕਰੀ ਦਾ ਏ। ਦੁਕਾਨਦਾਰਾਂ ਨੂੰ ਸਰ-ਦਾਰ ਜੀ, ਏਨੀ ਤਲਖ਼ੀ ਨਹੀਂ ਚਾਹੀਦੀ। ਉਸ ਨੇ ਸਾਰੀ ਗੱਲ ਮੈਨੂੰ ਘਰ ਜਾ ਕੇ ਦੱਸੀ ਏ। ਮੈਂ ਉਸ ਨੂੰ ਆਖਿਆ ਏ ਪਈ, ਸਰਦਾਰ ਹੁਰਾਂ ਦੇ ਪੈਸੇ ਜਿਉਂ ਤਿਉਂ ਕਰ ਕੇ ਅਜ-ਭਲਕੇ ਦੇ ਛਡ ਤੇ ਇਹ ਸਿਆਪਾ ਮੁਕਾ। ਸਰਦਾਰ ਹੁਰਾਂ ਦਾ ਏਨਾਂ ਜਿਗਰਾ ਨਹੀਂ ਉਂ । ਅੱਗੋਂ ਜੋ ਕੁਝ ਲੋੜੀ ਦਾ ਹੋਵੇ ... ... ... ... ਸਿੰਘ ਹੁਰਾਂ ਦੀ ਹੱਟੀਉਂ ਲੈ ਲਿਆ ਕਰ । ਉਹ ਬੜੇ ਜਿਗਰੇ ਵਾਲੇ ਨੇ, ਚੌਥੇ ਦਿਹਾੜੇ ਬਾਜ਼ਾਰ ਵਿਚ ਬੇ-ਇਜ਼ਤੀ ਤਾਂ ਨਹੀਂ ਕਰਨ ਲੱਗ ਪੈਂਦੇ। ਸੋ ਪੈਸੇ ਤੁਹਾਡੇ ਅਜ ਭਲਕੇ ਮਿਲ ਜਾਣਗੇ, ਫ਼ਿਕਰ ਨਾ ਕਰਨਾ।"

ਇਸ ਗੱਲ ਨੂੰ ਦੋ ਸਾਲ ਹੋ ਗਏ ਨੇ ਤੇ ਪੈਸੇ ਅਜੇ ਦੁਕਾਨਦਾਰ ਨੂੰ ਨਹੀਂ ਪੁੱਜੇ।

●

# ਨਹਿਲੇ ਤੇ ਦਹਿਲਾ

ਅਜ ਕਲ ਦੇ ਦੋਸਤਾਂ ਦੀਆਂ ਗੱਲਾਂ ਛਿੜ ਪਈਆਂ ਤਾਂ ਉਨ੍ਹਾਂ ਨੇ ਵੀ ਆਪਣੇ ਇਕ ਦੋਸਤ ਦੀ ਗੱਲ ਸੁਣਾਈ: "ਮੇਰੀ ਉਨ੍ਹਾਂ ਨਾਲ ਨਿਰੀ 'ਕੱਠਿਆਂ ਇਮਤਿਹਾਨ ਦੇਣ ਤਕ ਦੀ ਹੀ 'ਦੋਸਤੀ' ਸੀ, ਜਿਸ ਨੂੰ 'ਸਿਰਫ਼ ਜਾਣ-ਪਛਾਣ' ਹੀ ਕਿਹਾ ਜਾ ਸਕਦਾ ਹੈ। ਇਸ ਦੇ ਪਿੱਛੋਂ ਚਿੱਠੀ ਪੱਤਰ ਦੀ ਲੜੀ ਜਾਰੀ ਹੋ ਗਈ। ਇਕ ਦਿਨ ਮੈਨੂੰ ਉਨ੍ਹਾਂ ਦੀ ਚਿੱਠੀ ਆਈ ਕਿ 'ਮੈਨੂੰ ਇਕ ਸੂਟ ਜੋਗੀ ਅਸਲੀ ਸਰਜ ਦੀ ਲੋੜ ਹੈ। ਬਾਜ਼ਾਰ ਵਿੱਚੋਂ ਚੰਗੀ ਮਿਲਦੀ ਨਹੀਂ, ਤੁਸੀ ਮੁਲ ਦੇ ਕੇ ਆਪਣੀ ਕੈਂਟੀਨ ਵਿੱਚੋਂ ਕੱਢਾ ਸਕਦੇ ਹੋ, ਜੇ ਚਾਰ ਗਜ਼ ਭੇਜ ਸਕੋ ਤਾਂ ਮਿਹਰਬਾਨੀ ਹੋਵੇਗੀ।' ਚਾਰ ਗਜ਼ ਟੋਟਾ ਡਾਕ ਪਾਰਸਲ ਰਾਹੀਂ ਭੇਜ ਦਿੱਤਾ ਗਿਆ। ਇਹੋ ਈ ਕੋਈ ੧੬-੧੭ ਰੁਪਏ ਦਾ ਮਾਲ ਹੋਵੇਗਾ, ਪਰ ਉਨ੍ਹਾਂ ਨੇ ਇਸ 'ਜਾਣ ਪਛਾਣ' ਵਿਚ ਲਾਗਤ ਪੁਛਣ ਤੇ ਰਕਮ ਭੇਜਣ ਦੀ ਲੋੜ ਨਾ ਸਮਝੀ। ਚਿੱਠੀ ਵਿਚ ਪਾਰਸਲ ਦੀ ਪਹੁੰਚ ਤੇ ਧੰਨਵਾਦ ਪਹੁੰਚ ਗਏ ਪਰ ਰਕਮ ਮਗਰੋਂ ਵੀ ਕੋਈ ਨਾ। ਅਰਸਾ ਦੋ ਢਾਈ ਸਾਲ ਦਾ ਲੰਘ ਗਿਆ, ਜਿਸ ਦੇ ਵਿਚ ਵੇਲੇ ਕੁਵੇਲੇ ਚਿੱਠੀਆਂ ਦਾ ਵਟਾਂਦਰਾ ਜਾਰੀ ਰਿਹਾ।

"ਅਚਾਨਕ ਮੇਰੀ ਬਦਲੀ ਜੰਗੀ ਇਲਾਕੇ ਵਜ਼ੀਰਿਸਤਾਨ ਵਿਚ ਹੋ ਗਈ। ਜਿਥੇ ਚੰਗੀ ਠੰਢ ਹੋ ਜਾਇਆ ਕਰਦੀ ਸੀ। ਮੈਂ ਫ਼ੌਜੀ ਵਰਦੀਆਂ ਪਾ ਪਾ ਕੇ ਅੱਕ ਗਿਆ ਸੀ ਤੇ ਜੀ ਕਰਦਾ ਸੀ ਕੋਈ ਗਰਮ ਕੋਟ ਆਪਣਾ ਬਣਵਾ ਲਵਾਂ, ਜਿਸ ਨੂੰ ਨੌਕਰੀ ਤੋਂ ਵਾਪਸ ਆ ਕੇ ਪਾ ਲਿਆ ਕਰਾਂ, ਪਰ ਉਥੇ ਇੱਕਲਵਾਂਝੇ ਜਹੇ ਹੋਣ ਕਰ ਕੇ ਕੋਈ ਚੰਗਾ ਗਰਮ ਕਪੜਾ

ਮਿਲ ਨਹੀਂ ਸੀ ਸਕਦਾ। ਨਜ਼ਰ ਪੰਜਾਬ ਵਾਲੇ ਪਾਸੇ ਦੁੜਾਈ ਜੋ ਆਪਣੇ ਹੁਣ ਨੌਕਰੀ ਕਰਦੇ ਦੋਸਤ ਉੱਤੇ ਆ ਕੇ ਰੁਕ ਗਈ। ਮੈਂ ਚਿੱਠੀ ਵਿਚ ਉਨ੍ਹਾਂ ਨੂੰ ਆਪਣੀ ਲੋੜ ਦੱਸੀ ਤੇ ਲਿਖ ਭੇਜਿਆ ਕਿ ਜੇਕਰ ਅਸਲੀ ਸਨ-ਪਰੂਫ ਦਾ ਇਕ ਕੋਟ ਦਾ ਟੋਟਾ ਲੋੜੀਂਦੇ ਖ਼ਰਚੇ ਸਮੇਤ ਲੈ ਕੇ ਭੇਜ ਸਕੋ ਤਾਂ ਧੰਨਵਾਦੀ ਹੋਵਾਂਗਾ। ਜਵਾਬ ਕੋਈ ਨਾ ਆਇਆ। ਦੂਜੀ ਚਿੱਠੀ ਪਾਣ ਦੇ ਕੋਈ ਹਫ਼ਤਾ ਭਰ ਪਿੱਛੋਂ ਪਾਰਸਲ ਪਹੁੰਚ ਗਿਆ, ਵਿਚ ਬਿੱਲ ਦੇ ਨਾਲ ਇਕ ਚਿੱਠੀ ਵੀ ਸੀ, ਕਿ 'ਰਕਮ ਛੇਤੀ ਹੀ ਭੇਜ ਕੇ ਧੰਨਵਾਦੀ ਬਨਾਉਣਾ ਕਿਉਂਕਿ ਰਕਮ ਦੀ ਮੇਰੇ ਪਿਤਾ ਜੀ ਨੂੰ ਸਖ਼ਤ ਲੋੜ ਹੈ।' ਇਸ ਬਿਲ ਦੀ ਰਕਮ ਵੀ ਤਕਰੀਬਨ ਮੇਰੀ ਘੱਲੀ ਸਰਜ ਦੀ ਕੀਮਤ ਦੇ ਲਗ ਪਗ ਸੀ। ਮੇਰੀ ਉਤਨੀ ਹੀ ਰਕਮ ਨੂੰ ਬਿਨਾ ਕੋਈ ਭਲ ਹੀ ਭੁਲਾ ਛਡਣ ਦੇ ਹਜ਼ਮ ਕਰ ਜਾਣ ਵਾਲੇ, ਪਰ ਆਪਣੀ ਰਕਮ ਦੀ ਝਟ ਪਟ ਮੰਗ ਕਰਨ ਵਾਲੇ ਦੋਸਤ ਦੀ ਇਸ ਜ਼ਹਿਨੀਅਤ ਨੇ ਮੈਨੂੰ ਇਹ ਸੋਚਣ ਵਾਸਤੇ ਮਜਬੂਰ ਕਰ ਦਿੱਤਾ ਕਿ ਆਖ਼ਰ ਦੋਸਤੀ ਦੀ ਇਹ ਕਿਹੜੀ ਕਿਸਮ ਹੈ? ਸੋਚ ਸੋਚ ਕੇ ਮੈਂ ਇਕ ਤਰੀਕਾ ਕੱਢਿਆ ਤੇ ਪਾਰਸਲ ਦੀ ਪਹੁੰਚ ਦੇਂਦਿਆਂ ਹੋਇਆਂ ਚਿੱਠੀ ਵਿਚ ਲਿਖ ਦਿੱਤਾ, 'ਪਾਰਸਲ ਮਿਲ ਗਿਆ ਹੈ। ਧੰਨਵਾਦ। ਕਪੜਾ ਮੈਨੂੰ ਪਸੰਦ ਹੈ ਤੇ ਸਾਰੇ ਦੋਸਤਾਂ ਨੇ ਸਲਾਹਿਆ ਹੈ। ਕਿਹਾ ਚੰਗਾ ਹੁੰਦਾ ਜੇ ਤੁਸੀ ਨਾਲ ਬਿੱਲ ਵੀ ਭੇਜ ਦੇਂਦੇ ਤਾਂ ਜੁ ਮੈਂ ਰਕਮ ਭੇਜ ਸਕਦਾ।'

"ਹਫ਼ਤੇ ਭਰ ਪਿੱਛੋਂ ਉਸੇ ਬਿੱਲ ਦੀ ਨਕਲ ਲਫ਼ਾਫ਼ੇ ਵਿਚ ਆ ਗਈ ਤੇ ਨਾਲ ਹੀ ਇਕ ਰੁੱਕਾ ਵੀ, ਜਿਸ ਵਿਚ ਲਿਖਿਆ ਸੀ ਕਿ ਬਿੱਲ ਤਾਂ ਪਹਿਲਾਂ ਵੀ ਭੇਜਿਆ ਸੀ ਪਰ ਪਤਾ ਨਹੀਂ ਕਿਉਂ ਆਪ ਨੂੰ ਨਹੀਂ ਮਿਲਿਆ। ਆਸ ਹੈ ਕਿ ਹੁਣ ਬਿਲ ਮਿਲ ਜਾਣ ਤੇ ਆਪ ਹੇਠ ਲਿਖੇ ਪਤੇ ਉੱਤੇ ਰਕਮ ਭੇਜ ਦਿਉਗੇ ... ... ...'

"ਇਹ ਚਿੱਠੀ ਵੀ ਮੈਂ ਪੀ ਗਿਆ ਤੇ ਦੋ ਕੁ ਹਫ਼ਤੇ ਪਿੱਛੋਂ ਮੈਂ ਇਕ ਹੋਰ ਕਾਰਡ ਲਿਖ ਦਿੱਤਾ, 'ਪਿਆਰੇ ਦੋਸਤ ! ਮੈਂ ਅਗਲੀ ਚਿੱਠੀ ਵਿਚ ਵੀ ਆਪ ਪਾਸੋਂ ਬਿੱਲ ਮੰਗ ਭੇਜਿਆ ਸੀ, ਪਰ ਅਜੇ ਤੀਕ ਉਡੀਕ ਵਿਚ

ਹੀ ਹਾਂ, ਪਤਾ ਨਹੀਂ ਕਿਉਂ ਨਹੀਂ ਪੁੱਜਾ । ਮੇਰਾ ਪਿਆਰਾ ਦੋਸਤ ਮੇਰੇ ਪਾਸੋਂ ਰਕਮ ਮੰਗਦਿਆਂ ਸ਼ਾਇਦ ਇਹ ਖ਼ਿਆਲ ਕਰ ਰਿਹਾ ਹੈ ਕਿ ਉਸ ਨੇ ਮੇਰੇ ਪਾਸੋਂ ਸਰਜ ਮੰਗਾਈ ਸੀ। ਝਿਜਕਣ ਦੀ ਕੋਈ ਲੋੜ ਨਹੀਂ ਆਪ ਆਪਣੇ ਪੈਸੇ ਬੇ-ਸ਼ੱਕ ਮੰਗ ਘੱਲੋ। ਮੈਨੂੰ ਤੁਹਾਡੇ ਪੈਸੇ ਦੇ ਕੇ ਖ਼ੁਸ਼ੀ ਹੋਵੇਗੀ। ਲੇਖਾ ਸਾਫ਼ ਹੀ ਚੰਗਾ ਹੁੰਦਾ ਹੈ। ਲੋ ਮੈਂ ਹੀ ਪਹਿਲ ਕਰਦਾ ਹਾਂ। ਸਰਜ ਦੀ ਕੀਮਤ ੧੭) ਸੀ ਜੇ ਤੁਸਾਡੇ ਪੈਸੇ ਇਸ ਨਾਲੋਂ ਵਧ ਹੋਣ ਤਾਂ ਲਿਖ ਭੇਜਣਾ। ਮੈਂ ਮਨੀਆਰਡਰ ਕਰ ਘੱਲਾਂਗਾ।'

ਉਸ ਤੋਂ ਪਿੱਛੋਂ ਨਾ ਕਦੇ ਉਹ ਦੋਸਤ ਫੇਰ ਮਿਲਿਆ, ਨਾ ਉਹਦੀ ਕੋਈ ਚਿੱਠੀ ਹੀ ।"

# ਧੰਨ, ਮੈਨੇਜਰ ਸਾਹਬ

ਲਾਗੇ ਦੇ ਇਕ ਇਤਿਹਾਸਕ ਗੁਰਦੁਆਰੇ ਦੇ ਗਿਆਨੀ ਮੈਨੇਜਰ ਸਾਹਿਬ ਇਕ ਕਵੀ ਕੋਲ ਗਏ ਤੇ ਝਟ ਕੁ ਬੈਠਣ ਮਗਰੋਂ ਫ਼ਰਮਾਣ ਲੱਗੇ।

"......ਜੀ! ਮੈਂ ਅਜ ਤੁਹਾਡੇ ਕੋਲ ਇਕ ਖ਼ਾਸ ਮਤਲਬ ਵਾਸਤੇ ਹਾਜ਼ਰ ਹੋਇਆ ਹਾਂ। ਗਲ ਇਹ ਹੈ ਕਿ ਅਸੀ ... ... ਸਾਹਿਬ ਪ੍ਰਗਟ ਹੋਣ ਦਾ ਦਿਨ, ਸਾਲ ਦੇ ਸਾਲ ਇਕ ਵਾਰੀ ਦੀਵਾਨ ਕਰ ਕੇ, ਮਨਾਣਾ ਚਾਹੁੰਦੇ ਹਾਂ ਜਲਦੀ ਹੀ ਜਿਸ ਦੇ ਅਸਾਂ ਇਸ਼ਤਿਹਾਰ ਛਪਵਾਣੇ ਨੇ। ਤੁਸੀ ਸਾਨੂੰ ਪ੍ਰੇਰਨਾ ਵਾਲੀਆਂ ਸੁਹਣੀਆਂ ਜਿਹੀਆਂ ਦੋ ਨਿੱਕੀਆਂ ਨਿੱਕੀਆਂ ਕਵਿਤਾਵਾਂ ਲਿਖ ਦਿਓ। ਉਹ ਅਸੀ ਇਸ਼ਤਿਹਾਰ ਉੱਤੇ ਦੇਣੀਆਂ ਚਾਹੁੰਦੇ ਹਾਂ।"

"ਤੇ ਪ੍ਰਗਟ ਹੋਣ ਦਾ ਦਿਨ, ਗਿਆਨੀ ਜੀ! ਕਿਹੜੀ ਇਤਿਹਾਸਕ ਖੋਜ ਦਾ ਨਤੀਜਾ ਹੈ? ਤੁਸਾਂ ਨੇ ਕਿਹੜੇ ਇਤਿਹਾਸ ਵਿੱਚੋਂ ਇਹ ਦਿਨ ਢੂੰਡ ਕਢਿਆ ਹੈ?" ਕਵੀ ਪੁੱਛੇ ਬਿਨਾਂ ਨਾ ਰਹਿ ਸਕਿਆ।

"ਸਰਦਾਰ ਜੀ! ਗਲ ਅਸਲ ਵਿਚ ਇਹ ਹੈ, ਮੈਂ ਤੁਹਾਨੂੰ ਸੱਚੋ-ਸੱਚ ਦਸਾਂ।" ਗਿਆਨੀ ਜੀ ਨੇ ਵਿਆਖਿਆ ਆਰੰਭੀ। "ਸਾਡੇ ਗੁਰਦੁਆਰੇ ਵਿਚ ਵਰ੍ਹੇ ਵਿਚ ਸਿਰਫ਼ ਇੱਕੋ ਹੀ ਦੀਵਾਨ ਸਜਦਾ ਹੈ ਜਿਸ ਕਰ ਕੇ ਆਮ- ਦਨ ਬੜੀ ਹੀ ਘਟ ਹੈ। ਕਦੇ ਕਦੇ ਤਾਂ ਇਥੇ ਲੰਗਰ ਵੀ ਮਾਸਤਾਨੇ ਹੋ ਜਾਂਦੇ ਨੇ ਤੇ ... ... ਸਾਹਿਬ ਬੜੇ ਹੀ ਦੀਵਾਨ ਤੇ ਮੇਲੇ ਲਗਦੇ ਤੇ, ਹਰ ਸੰਗਰਾਂਦ, ਹਰ ਪੂਰਨਮਾਸ਼ੀ, ਹਰ ਮੱਸਿਆ ਉੱਤੇ ਦੀਵਾਨ ਸੱਜਦੇ ਤੇ ਮੇਲੇ ਲਗਦੇ ਨੇ, ਤੇ ਸੰਗਤਾਂ ਹੁਮ-ਹੁਮਾ ਕੇ ਦਰਸ਼ਨਾਂ ਦੇ ਨਾਲ ਨਾਲ ਗੱਫੇ ਵੀ ਦੇਂਦੀਆਂ ਨੇ, ਜਿਸ ਕਰ ਕੇ ਗੁਰਦੁਆਰੇ ਦੀ ਆਮਦਨ ਬੜੀ ਹੀ ਵਧ ਗਈ

ਹੈ। ਇਸ ਵਾਸਤੇ ਮੇਰਾ ਖ਼ਿਆਲ ਹੈ ਕਿ ਬਹੁਤੇ ਨਹੀਂ ਤਾਂ ਵਰ੍ਹੇ ਵਿਚ ਘਟੋ ਘਟ ਦੋ ਦੀਵਾਨ ਤਾਂ ਜ਼ਰੂਰ ਇਥੇ ਵੀ ਲਗਾਏ ਜਾਣ, ਸੋ ਵਿਸਾਖੀ ਤੋਂ ਸਿਵਾ ਦੂਜਾ ਦੀਵਾਨ ... ... ਸਾਹਿਬ ਦੇ ਪ੍ਰਗਟ ਹੋਣ ਦਾ ਲਾਇਆ ਜਾਏ।"

"ਇਹ ਵਿਆਖਿਆ ਤਾਂ ਹੋਈ ਦੀਵਾਨ ਸਜਾਨ ਦੀ ਲੋੜ ਦੀ, ਪਰ ਪ੍ਰਗਟ ਹੋਣ ਸਬੰਧੀ ਮੇਰੀ ਪੁਛ ਤਾਂ ਅਜੇ ਅਣ-ਪੁਛ ਹੀ ਪਈ ਏ।" ਕਵੀ ਨੇ ਟੋਹਿਆ।

"ਉਸ ਦੇ ਸਬੰਧ ਵਿਚ ਬੇਨਤੀ ਹੈ ਕਿ ਗੁਰੂ ਸਾਹਬ ਨੇ ... ... ਸਾਹਬ ਵਲ ਜਾਂਦਿਆਂ ਹੋਇਆਂ, ਜਾਂ ਵਾਪਸ ਆਉਂਦਿਆਂ ਹੋਇਆਂ ਈ ਇਹ ਅਸਥਾਨ ਪ੍ਰਗਟ ਕੀਤਾ ਹੋਣਾ ਏ,ਕਿਉਂਕਿ ਇਹ ਅਸਥਾਨ ਵਗਦੀ ਸੜਕ ਦੇ ਨੇੜੇ ਹੈ। ਇਸ ਵਾਸਤੇ ਜਿਹੜਾ ਦਿਨ... ...ਸਾਹਬ ਦੇ ਪ੍ਰਬੰਧਕਾਂ ਨੇ ਨੀਅਤ ਕੀਤਾ ਹੋਇਆ ਹੈ, ਅਸੀ ਉਸ ਤੋਂ ਇਕ ਅਧ ਦਿਨ ਅੱਗ ਜਾਂ ਪਿਛੇ, ਜਿਹੜਾ ਸਾਨੂੰ ਠੀਕ ਜਚਿਆ, ਮੁਕੱਰਰ ਕਰ ਲਵਾਂਗੇ, ਤੇ ਸਾਲ ਦੇ ਸਾਲ ਰੌਣਕ ਮੇਲਾ ਹੋ ਜਾਇਆ ਕਰੇਗਾ, ਨਾਲੇ ਆਮਦਨ ਵੀ ਹੋ ਜਾਵੇਗੀ।

ਮੈਨੇਜਰ ਸਾਹਬ ਦੀ ਇਸ ਦਲੀਲ ਤੇ ਕਵੀ ਖਿੜ ਖਿੜਾ ਕੇ ਹਸਿਆ ਤੇ ਕਹਿਣ ਲਗਾ :

"ਧੰਨ ਹੋ ਗਿਆਨੀ ਸੀ ਮਹਾਰਾਜ ! ਤੁਹਾਡਾ ਅਸਥਾਨ ... ... ਸਾਹਬ ਤਾਂ ਖ਼ੈਰ ਗੁਰੂ ਜੀ ਮਹਾਰਾਜ ਨੇ ਪ੍ਰਗਟਾਇਆ ਹੈ ਪਰ ... ... ਸਾਹਬ ਦੇ ਪ੍ਰਗਟ ਹੋਣ ਦਾ ਦਿਨ ਪ੍ਰਗਟਾਉਣ ਦਾ ਸਿਹਰਾ ਆਪ ਦੇ ਹੀ ਸੀਸ ਦੇ ਸੋਭਣਾ ਚਾਹੀਦਾ ਹੈ। ਮਾਫ਼ ਰਖਣਾ ਮੈਂ ਗੁਰਸਿੱਖਾਂ ਨੂੰ ਇਸਤਰ੍ਹਾਂ ਬੁਧੂ ਬਣਾਣ ਵਿਚ ਤੁਹਾਡੀ ਕੋਈ ਇਮਦਾਦ ਨਹੀਂ ਕਰ ਸਕਦਾ।"

ਗਿਆਨੀ ਜੀ ਨਿਰਾਸ ਤੇ ਸ਼ਾਇਦ ਨਾਰਾਜ਼ ਹੋ ਕੇ ਚਲੇ ਗਏ ਤੇ ਕਵੀ ਦੇ ਦਿਲੋਂ ਇਕ ਖ਼ਾਮੋਸ਼ ਜਹੀ ਅਰਦਾਸ ਉਠੀ। "ਹੇ ਸਚੇ ਪਾਤਸ਼ਾਹ! ਆਪਣੇ ਭੋਲੇ ਭਾਲੇ ਸਿੱਖਾਂ ਨੂੰ ਇਹ ਜਹੇ ਗਿਆਨੀਆਂ ਦੇ ਜਾਲ ਚੋਂ ਕਢ।"

# ਰਾਖੇ ਬਘਿਆੜ

"ਲੈ ਚਲੋ ਥਾਣੇ।" ਭੀੜ ਦੇ ਰੌਲੇ-ਗੌਲੇ ਚੋਂ ਇਕ ਆਵਾਜ਼ ਆਈ।

"ਹਾਂ ਜ਼ਰੂਰ ਲੈ ਚਲੋ, ਇਹ ਕੋਈ ਇਨਸਾਫ਼ ਏ?" ਦੂਜੀ ਆਵਾਜ਼ ਵੀ ਕੰਨੀਂ ਪਈ। "ਸਰਕਾਰੀ ਰੇਟ ਸਾਢੇ ਸਤ ਸੇਰ, ਤੇ ਇਹ ਦੇਂਦੈ ਸਾਢੇ ਛੇ ਸੇਰ। ਏਡਾ ਖਾਪਾ? ਏਡੀ ਅੰਨ੍ਹੀ?"

"ਨੰਬਰਦਾਰ ਹੁਰਾਂ ਨੂੰ ਬੁਲਾਉ, ਦਫ਼ੇਦਾਰ ਜੀ।"

ਰੌਲਾ ਵਧਦਾ ਹੀ ਜਾ ਰਿਹਾ ਸੀ। ਉਹ ਵੀ ਆਪਣੀ ਦੁਕਾਨ ਤੋਂ ਉਠਿਆ ਤੇ ਜੁੱਤੀ ਪੈਰੀਂ ਪਾ ਕੇ ਨਾਲ ਹੀ ਚੌਂਕ ਵਿਚ ਕੱਠੇ ਹੋਏ ਹੋਏ ਮੱਜਮੇ ਵਲ ਚਲਾ ਗਿਆ,ਇਹ ਜਾਣਨ ਵਾਸਤੇ ਕਿ ਵਿਚੋਂ ਮਾਮਲਾ ਕੀ ਏ।

ਹੱਟੀ ਵਾਲਾ ਵਿਚਾਰਾ ਪਿੰਡ ਦੇ ਇਕ ਲਾਕੜੀ ਨੂੰ ਰੁਪਈਏ ਦਾ ਆਟਾ ਕੀ ਦੇ ਭੁੱਲਾ ਸੀ? ਵਖ਼ਤ ਗਲ ਪਾ ਬੈਠਾ ਸੀ। ਪਹਿਲੋਂ ਤਾਂ ਉਸ ਨੇ ਸਾਢੇ ਛੇ ਸੇਰ ਦੇ ਭਾ ਲੈਣਾ ਮੰਨ ਲਿਆ ਸੀ, ਪਰ ਆਟਾ ਚਾਦਰ ਵਿਚ ਪਵਾ ਕੇ ਉਹ ਸ਼ੇਰ ਹੋ ਗਿਆ। ਆਖੇ 'ਪਰਚੀ ਲਿਖ ਦੇਹ।' ਹੱਟੀ ਵਾਲਾਂ ਪਰਚੀ ਲਿਖ ਕੇ ਨਾ ਦੇਵੇ, ਉਹ ਨਾ ਆਟਾ ਮੋੜੇ ਨਾ ਰੁਪਈਆ ਦੇਵੇ। ਚੌਂਕ ਵਿਚ ਰੌਲਾ ਪਾਣ ਡਹਿ ਪਿਆ ਤੇ ਲੋਕ ਇਕੱਠੇ ਕਰ ਲਏ। ਹੁਣ ਮੱਜਮੇ ਵਿਚ ਮਨਸੂਬੇ ਹੋ ਰਹੇ ਸਨ, ਕਿਉਂਕਿ ਦਫ਼ੇਦਾਰ ਹੋਰੀਂ ਵੀ ਕਿਤੋਂ ਇਧਰ ਹੀ ਆ ਨਿਕਲੇ ਸਨ।

"ਦਫ਼ੇਦਾਰ ਜੀ! ਤੁਸੀ ਆਪ ਹੀ ਦੱਸੋ, ਇਹ ਜ਼ੁਲਮ ਨਹੀਂ?" ਭੀੜ ਵਿੱਚੋਂ ਇਕ ਨੇ ਪੁੱਛਿਆ।

"ਜ਼ੁਲਮ ਜਿਹਾ ਜ਼ੁਲਮ?" ਗ਼ਰੀਬਾਂ ਦੇ ਹਮਦਰਦ ਤੇ ਇਨਸਾਫ਼-

ਮੂਰਤ ਦਫ਼ੇਦਾਰ ਹੁਰਾਂ ਨੇ ਫ਼ੈਸਲਾ ਸੁਣਾ ਦਿੱਤਾ। "ਲੋਟੀ ਹੋਈ ਕਿ। ਜ਼ਰੂਰ ਥਾਣੇ ਜਾਣਾ ਚਾਹੀਦੈ ਇਹ ਕੇਸ। ਐਵੇਂ ਇਹ ਲੋਕ ਬਾਜ਼ ਆਂਵਦੇ ਨੇ?"

ਵਿੱਚੋਂ ਵਿੱਚੋਂ ਲੋਕਾਂ ਨੇ ਬਤੇਰਾ ਕਿਹਾ ਕਿ ਹੁਣ ਇਹ ਗਲ ਜਾਣ ਦਿਉ ਤੇ ਸੇਰ ਆਟਾ ਹੋਰ ਲੈ ਲਉ, ਪਰ ਉਨ੍ਹਾਂ ਇਕ ਨਾ ਸੁਣੀ, "ਨਹੀਂ ਜੀ ਮੈਂ ਹੁਣ ਬਿਲਕੁਲ ਨਹੀਂ ਛਡਣਾ, ਏਡਾ ਜ਼ੁਲਮ? ਏਡਾ ਹਨੇਰ?"

ਦੁਕਾਨਦਾਰ ਨੇ ਪਹਿਲੋਂ ਤਾਂ ਸੋਚਿਆ ਕਿ ਚਲੋ, ਗਲ ਆਈ ਗਈ ਹੋ ਜਾਇਗੀ ਪਰ ਹੁਣ ਜਦੋਂ ਆਟੇ ਦੀ ਪੋਟਲੀ ਹਥ ਵਿਚ ਫੜੀ, ਗਾਹਕ ਨੂੰ ਨਾਲ ਲੈ, ਲੋਕਾਂ ਦੇ ਆਖਦਿਆਂ ਆਖਦਿਆਂ ਦਫ਼ੇਦਾਰ ਹੁਰੀਂ ਥਾਣੇ ਦੇ ਰਾਹ ਪੈ ਗਏ ਤਾਂ ਇਹਨੂੰ ਵੀ ਫ਼ਿਕਰ ਲੱਗੀ ਤੇ ਲੱਗਾ ਇਧਰ ਉਧਰ ਦੌੜ ਭੱਜ ਕਰਨ।

ਇਕ ਚੰਗੇ ਰਸੂਖ਼ ਵਾਲੇ ਆਦਮੀ ਨੂੰ, ਜਿਹੜਾ ਇਹੋ ਜਿਹੇ ਮਾਮਲਿਆਂ ਨੂੰ ਰਫ਼ਾ ਦਫ਼ਾ ਕਰਾਣਾ ਜਾਣਦਾ ਸੀ,ਪਿੱਛੇ ਦੁੜਾਇਆ ਗਿਆ ਤਾਂ ਜੋ ਉਹ ਕਿਸੇ ਤਰ੍ਹਾਂ ਇਸ ਮਾਮਲੇ ਨੂੰ ਠਪ ਠਪਾ ਕੇ ਦਫ਼ੇਦਾਰ ਹੁਰਾਂ ਨੂੰ ਵਾਪਸ ਮੋੜ ਲਿਆਵੇ।

ਤਿੰਨ ਘੰਟਿਆਂ ਪਿੱਛੋਂ ਉਹ ਆਦਮੀ ਵਾਪਸ ਆਇਆ ਤੇ ਦੁਕਾਨਦਾਰ ਨੂੰ ਇਕਲਵਾਂਝੇ ਲਿਜਾ ਕੇ ਕਹਿਣ ਲੱਗਾ –

"ਬੜੀ ਹੀ ਮੁਸ਼ਕਲ ਨਾਲ ਮਸਾਂ ਮਸਾਂ ਮੋੜਿਆ ਏ, ਈਮਾਨ ਨਾਲ। ਆਖੇ 'ਦੱਸਾਂ ਤੋਂ ਘਟ ਨਹੀਂ ਲੈਣੇ'... ... ...।"

ਦੁਕਾਨਦਾਰ ਕਿਸੇ ਧੱਕੇ ਵਾਸਤੇ ਤਿਆਰ ਹੋਣ ਲੱਗਾ।

"ਤੇ ਫੇਰ ... ... ... ?"

"ਫੇਰ ਕੀ ? ਪੰਜ ਰੁਪਈਏ ਵਖ ਦਿੱਤੇ ਤੇ ਪੈਰੀਂ ਹਥ ਵਖਰੇ ਲਾਏ ... ... ਆਟਾ ਉਹ ਆਦਮੀ ਲੈ ਗਿਆ ਏ ਤੇ ਰੁਪਈਆ ਟਾਂਗੇ ਵਾਲੇ ਨੂੰ ਦੇ ਕੇ ਦਫ਼ੇਦਾਰ ਹੁਰਾਂ ਨੂੰ ਨਾਲ ਬਠਾ ਕੇ ਲਿਆਇਆ ਹਾਂ।"

# ਆਸਤਕ ਤੇ ਨਾਸਤਕ ਵਿਸ਼ਵਾਸ

ਇਕ ਸਿੱਖ ਦਾ ਸਾਢੇ ਤ੍ਰੈ ਸਾਲ ਦਾ ਬੱਚਾ ਸਖ਼ਤ ਬੀਮਾਰ ਹੋ ਗਿਆ। ਇਸ ਦਾ ਹੋਰ 'ਪੱਕੇ ਸਿੱਖਾਂ' ਵਾਂਗ, ਬਾਹਰ-ਮੁਖੀ ਚਿੰਨ੍ਹਾਂ, ਦਿਖਾਵੇ ਦੇ ਨਿਤਨੇਮਾਂ, ਲੋਕਾਂ ਨੂੰ ਪਤਿਆਣ ਵਾਲੇ ਅਖੰਡ ਪਾਠਾਂ ਤੇ ਇਹੋ ਜਿਹੀਆਂ ਧਾਰਮਕ ਅਖਵਾਣ ਵਾਲੀਆਂ ਰੁਚੀਆਂ ਵਿਚੋਂ ਵਿਸ਼ਵਾਸ ਉਡ ਚੁਕਾ ਸੀ, ਤੇ ਇਹ ਜੀਵਨ ਨੂੰ ਸਿਧਾਂਤਾਂ ਦੀ ਐਨਕ ਵਿਚੋਂ ਵੇਖਣ ਦੀ ਥਾਂ ਅਸਲੀਅਤ ਦੀਆਂ ਬੇ-ਐਨਕ ਅੱਖਾਂ ਨਾਲ ਵੇਖਣ ਦਾ ਆਦੀ ਹੋ ਚੁਕਾ ਸੀ।

ਵਿਤ ਅਨੁਸਾਰ ਡਾਕਟਰ ਸੱਦੇ ਗਏ, ਜੋ ਹੀਲਾ ਹੋ ਸਕਦਾ ਸੀ ਕੀਤਾ ਗਿਆ, ਪਰ ਕੋਈ ਆਸ ਨਾ ਬਣ ਸਕੀ। ਡਾਕਟਰਾਂ ਨੇ ਕਹਿ ਦਿੱਤਾ, 'ਡਬਲ ਨਮੋਨੀਆ' ਹੈ। ਆਸ ਦੀ ਲੋਅ ਪਲ ਪਲ ਮੱਧਮ ਹੁੰਦੀ ਜਾ ਰਹੀ ਸੀ – ਪਰਭਾਤ ਦੇ ਤਾਰੇ ਵਾਂਗ। ਹਥੋਂ ਜਾ ਰਹੇ ਬੱਚੇ ਵਲ ਪਿਤਾ ਹਸਰਤ ਭਰੀਆਂ ਨਜ਼ਰਾਂ ਨਾਲ ਵੇਖ ਰਿਹਾ ਸੀ। ਮਾਂ ਨੇ ਮੌਤ ਦੀ ਝੋਲੀ ਵਲ ਉਲਰੇ ਬੱਚੇ ਨੂੰ ਝੋਲੀ ਵਿਚ ਲਿਆ ਹੋਇਆ ਸੀ ਤੇ ਮਾਮਤਾ ਦੀ ਮਾਰੀ ਬੇ-ਵਸ ਛਮ ਛਮ ਰੋਈ ਜਾ ਰਹੀ ਸੀ। ਹਰ ਕਿਸੇ ਦੀਆਂ ਅੱਖੀਆਂ ਗਿਲੀਆਂ ਸਨ, ਵਾਯੂ-ਮੰਡਲ ਵਿਚ ਨਿਰਾਸਤਾ ਜਿਹੀ ਛਾਈ ਹੋਈ ਸੀ। ਡਾਢਾ ਹੀ ਕਰੁਣ-ਭਰਿਆ ਦ੍ਰਿਸ਼ ਸੀ।

ਸੰਤਾਂ, ਮਾਹਤਮਾਵਾਂ ਤੇ ਗੁਰੂਆਂ ਦੀ ਸ਼ਰਧਾਲਣ, ਇਕ ਨੇੜੇ ਦਾ ਸੰਬੰਧ ਰਖਣ ਵਾਲੀ ਮਾਈ ਨੇ ਜਾਤਾ ਕਿ ਇਕ 'ਨਾਸਤਕ' ਨੂੰ 'ਆਸਤਕ' ਬਣਾਨ ਦਾ ਇਸ ਤੋਂ ਚੰਗਾ ਮੌਕਾ ਫੇਰ ਨਹੀਂ ਮਿਲਣਾ। ਝਟ ਬੁਝਦੀ ਹੋਈ ਜੀਵਨ ਜੋਤ ਵਾਲੇ ਬੱਚੇ ਦੇ ਪਿਤਾ ਪਾਸ ਗਈ ਤੇ ਪ੍ਰੇਰਨਾ ਕਰਨ

ਲੱਗੀ।

"... ... ਸਿੰਘਾ ! ਹੁਣ ਤਾਂ ਭੈੜਿਆ, ਗੁਰਦੁਆਰੇ ਜਾਣ ਦਾ ਪ੍ਰਣ ਕਰ। ਤੇ ਗੁਰੂ ਨਾਨਕ ਸੱਚੇ ਪਾਤਸ਼ਾਹ ਕੋਲੋਂ ਆਪਣੀਆਂ ਪਿਛਲੀਆਂ ਭੁਲਾਂ ਬਖ਼ਸ਼ਾ। ਆਖ 'ਮੈਂ ਤੇਰੀਆਂ ਪੰਜ ਬਾਣੀਆਂ ਨਿਤਨੇਮ ਨਾਲ ਪੜ੍ਹਿਆ ਕਰਾਂਗਾ। ਹੇ ਸੱਚੇ ਪਾਤਸ਼ਾਹ ! ਮੇਰਾ ਬੱਚਾ ਮੈਥੋਂ ਨਾ ਖੋਹ, ਮੈਂ ਅਜ ਤੋਂ ਲੈ ਕੇ ਰੋਜ਼ ਗੁਰਦੁਆਰੇ ਜਾਇਆ ਕਰਾਂਗਾ।' ਭੈੜਿਆ ! ਆਖ ਤਾਂ ਵੇਖ ! ਮਤਾਂ ਸੱਚਾ ਪਾਤਸ਼ਾਹ ਪਿਛਲੀਆਂ ਭੁੱਲਾਂ ਬਖਸ਼ ਈ ਦੇਵੀ ... ..."

ਉਸ ਚਿੰਤਾਤੁਰ ਪਿਤਾ ਦੇ – ਜਿਹੜਾ ਇਕ ਤਕੜੀ ਸੱਟ ਵਾਸਤੇ ਆਪਣੇ ਦਿਲ ਨੂੰ ਤਿਆਰ ਕਰ ਰਿਹਾ ਸੀ – ਉਦਾਸ ਹੋਠਾਂ ਉੱਪਰ ਇਕ ਨਿਰਾਸ ਜਿਹੀ ਮੁਸਕਰਾਹਟ ਦੌੜ ਗਈ, ਇਸ ਸ਼ਰਧਾਲਣ ਮਾਈ ਦਾ ਇਹ ਵਿਸ਼ਵਾਸ ਵੇਖ ਕੇ।

"ਨਹੀਂ ! ਮੈਂ ਇਸ ਵੇਲੇ ਕੋਈ ਇਹੋ ਜਿਹੀ ਪ੍ਰਾਰਥਨਾ ਕਰ ਕੇ ਗੁਰੂ ਨਾਨਕ ਸਾਹਿਬ ਨੂੰ ਭੰਡਣਾ ਨਹੀਂ ਚਾਹੁੰਦਾ" ਉਸ ਨੇ ਜਵਾਬ ਦਿੱਤਾ। ਉਸ ਦੀਆਂ ਅੱਖੀਆਂ ਬੱਚੇ ਦੀਆਂ ਅੱਖੀਆਂ ਉੱਤੇ ਗੱਡੀਆਂ ਹੋਈਆਂ ਸਨ, ਜਿਨ੍ਹਾਂ ਵਿਚ ਜੀਵਨ ਜੋਤ ਪਲ ਪਲ ਘਟਦੀ ਜਾ ਰਹੀ ਸੀ।

"ਕਿਉਂ ?" ਮਾਈ ਨੇ ਪੁੱਛਿਆ, ਇਹ ਨਾ ਜਾਣਦਿਆਂ ਹੋਇਆਂ ਕਿ ਇਹ ਵੇਲਾ ਬਹਿਸ ਕਰਨ ਦਾ ਨਹੀਂ।

"ਕਿਉਂਕਿ ਮੈਂ ਗੁਰੂ ਨਾਨਕ ਨੂੰ ਇਹੋ ਜਿਹਾ ਜ਼ਾਲਮ, ਪੱਥਰ-ਚਿਤ ਤੇ ਬੇ-ਇਨਸਾਫ਼ ਨਹੀਂ ਮੰਨਦਾ ਕਿ ਉਹ ਗੁਰਦੁਆਰੇ ਵਿਚ ਮੱਥਾ ਨਾ ਟੇਕਣ ਵਾਲੇ, ਅਨ੍ਹੇ-ਵਾਹ ਨਿਤ ਨੇਮ ਨਾ ਕਰੀ ਜਾਣ ਵਾਲੇ ਤੇ ਬਾਹਰੋਂ ਨਾ ਲਿਸ਼ਕੇ-ਪੁਸ਼ਕੇ ਸਿਖ ਦੇ ਇਕ ਉਸ ਬੱਚੇ ਨੂੰ ਸੰਘੀਉਂ ਫੜ ਕੇ ਮਾਰ ਦੇਵੇਗਾ, ਜਿਹੜਾ ਦਿਨ ਵਿਚ ਦੋ ਵਾਰੀ ਆਪਣੀ ਮਾਂ ਨਾਲ ਰੋਜ਼ ਗੁਰਦੁਆਰੇ ਜਾਂਦਾ ਹੈ, ਉਹ ਉੱਚ ਆਤਮਾ ਇਨ੍ਹਾਂ ਚੀਜ਼ਾਂ ਵਲੋਂ ਬੇ-ਪਰਵਾਹ ਹੈ। ਕੁਦਰਤ ਨੇ ਇਹ ਸਾਰੇ ਕੰਮ ਆਪਣੇ ਹੱਥਾਂ ਵਿੱਚ ਰੱਖੇ ਹੋਏ ਹਨ, ਜਿਨ੍ਹਾਂ ਵਿਚ ਉਹ ਕਿਸੇ ਦਾ ਵੀ ਦਖ਼ਲ ਮਨਜ਼ੂਰ ਨਹੀਂ ਕਰਦੀ। ਜੇ ਗੁਰੂ ਨਾਨਕ ਏਨਾ ਗੁਸੀਲਾ ਤੇ

ਖਿੱਝ ਜਾਣ ਵਾਲਾ ਹੁੰਦਾ ਤਾਂ ਉਹ ਮੈਨੂੰ ਹੀ ਕਿਉਂ ਨਾ ਦੁਨੀਆ ਤੋਂ ਚੁਕ ਲੈਂਦਾ ? ਮੇਰਾ ਵਿਸ਼ਵਾਸ ਹੈ ਕਿ ਉਹਦਾ ਇਸ ਤਰ੍ਹਾਂ ਜੀਵਨ ਲੈਣ ਜਾਂ ਦੇਣ ਨਾਲ ਕੋਈ ਸੰਬੰਧ ਨਹੀਂ । ਇਹ ਸਭ ਕੁਝ ਕੁਦਰਤ ਦੇ ਕਿਸੇ ਅਟੱਲ ਕਾਨੂੰਨ ਦੇ ਮਾਤਹਿਤ ਹੋ ਰਿਹਾ ਹੈ ਤੇ ਜੋ ਕੁਝ ਹੋ ਰਿਹਾ ਹੈ ਠੀਕ ਹੋ ਰਿਹਾ ਹੈ। ਨਾ ਇਸ ਨੂੰ ਬਦਲਾਇਆ ਜਾ ਸਕਦਾ ਹੈ ਤੇ ਨਾ ਬਦਲਾਣ ਦੀ ਕੋਈ ਲੋੜ ਹੈ।''

ਇਹ ਸੀ ਇਕ 'ਆਸਤਕ' ਮਾਈ ਦੇ ਮੁਕਾਬਲੇ ਉੱਪਰ ਇਕ 'ਨਾਸਤਕ' ਦਾ ਵਿਸ਼ਵਾਸ ।



**ਬਗ਼ਾਵਤ :** ਦਰਸ਼ਨ ਸਿੰਘ 'ਆਵਾਰਾ'

'ਆਵਾਰਾ' ਜੀ ਨੇ ਹਿੰਦੁਸਤਾਨ ਦੀ ਅਸਲੀ ਅਹੁਰ ਨੂੰ ਖ਼ੂਬ ਸਮਝਿਆ ਤੇ ਖ਼ੂਬ ਬਿਆਨ ਕੀਤਾ ਹੈ। ਜੇ ਬਗ਼ਾਵਤ ਦਾ ਟਾਈਟਲ 'ਆਵਾਰਾ' ਜੀ ਨੂੰ ਏਨਾ ਪਸੰਦ ਨਾ ਆਇਆ ਹੁੰਦਾ ਤਾਂ ਸ਼ਾਇਦ ਏਸ ਸੰਗ੍ਰਹਿ ਨੂੰ ਹਿੰਦੁਸਤਾਨ ਲਈ ਮੁਕਤੀ-ਸੰਦੇਸ਼ ਆਖਿਆ ਜਾ ਸਕਦਾ। ਹਿੰਦੁਸਤਾਨ ਦੀ ਮੁਕਤੀ ਵਹਿਮਾਂ ਤੋਂ ਆਜ਼ਾਦ ਹੋਣ ਵਿਚ ਹੀ ਹੈ। ਹਜ਼ਾਰਾਂ ਏਜੰਸੀਆਂ ਇਸ ਮੁਲਕ ਵਿਚ ਵਹਿਮ ਪੈਦਾ ਕਰਨ ਲਈ ਸਿਰ-ਤੋੜ ਮਸਰੂਫ਼ ਹਨ, ਕਦਮ ਕਦਮ ਉੱਤੇ ਹਿੰਦੁਸਤਾਨੀ ਜੀਵਨ-ਨਦੀ ਦਾ ਰਾਹ ਰੋਕਿਆ ਜਾ ਰਿਹਾ ਹੈ। 'ਆਵਾਰਾ' ਜੀ ਦਾ ਸੰਦੇਸ਼ ਇਨ੍ਹਾਂ ਸਾਰੀਆਂ ਰੁਕਾਵਟਾਂ ਦੀ ਅਸਲੀਅਤ ਤੋਂ ਜਾਣੂ ਕਰਾ ਕੇ ਜ਼ਿੰਦਗੀ ਦੀ ਹਿੰਮਤ ਤੇ ਦਲੇਰੀ ਵਧਾਂਦਾ ਹੈ।

ਗੁਰਬਖ਼ਸ਼ ਸਿੰਘ

[ਭੂਮਿਕਾ ਵਿਚੋਂ

**ਪ੍ਰੀਤ ਨਗਰ • ਸ਼ਾਪ**

੩੦ ਨਿਸਬਤ ਰੋਡ ਲਾਹੌਰ